# ਕੈਨੇਡਾ ਦਰਪਣ

ਮਾਰਚ 30, 1984

**March 30, 1984**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

East Indian Community Newspaper

ਹਫ਼ਤੇਵਾਰ

Second Class Mail - Reg. No. 5991

ਕੀਮਤ 30¢

Out of Greater Vancouver
Price 40¢

# ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1

Vol. 3 No. 12 Weekending March 30, 1984
Editor's Res. PHONE. (604)321-6360

The Canada Darpan
Punjabi Weekly Newspaper

# ਸਿੱਖ ਸਟੂਡੈਂਟ ਫੈਡਰੇਸ਼ਨ ਗ਼ੈਰ-ਕਾਨੂੰਨੀ ਕਰਾਰ ਦਿਤੀ ਗਈ

ਅੰਮ੍ਰਿਤਸਰ — (ਫ਼ੋਨ ਰਾਹੀਂ), ਕੇਂਦਰ ਸਰਕਾਰ ਨੇ ਭਿੰਡਰਾਂਵਾਲੇ ਦੇ ਅਸਰ ਥੱਲੇ ਕੰਮ ਕਰ ਰਹੀ ਜਥੇਬੰਦੀ ਸਿੱਖ ਸਟੂਡੈਂਟ ਫੈਡਰੇਸ਼ਨ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ ਹੈ। ਕੇਂਦਰ ਦੇ ਗ੍ਰਹਿ ਮੰਤਰਾਲੇ ਵਲੋਂ ਇਕ ਨੋਟੀਫੀਕੇਸ਼ਨ ਜਾਰੀ ਕੀਤਾ ਗਿਆ ਹੈ ਕਿ ਇਹ ਕਦਮ ਫੈਡਰੇਸ਼ਨ ਦੀਆਂ ਗ਼ੈਰਕਾਨੂੰਨੀ ਕਾਰਵਾਈਆਂ ਨੂੰ ਰੋਕਣ ਲਈ ਚੁਕਿਆ ਗਿਆ ਹੈ। ਨਾਲ ਹੀ ਸਰਕਾਰ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਰੁਧ 'ਬਗ਼ਾਵਤ' ਉਕਸਾਉਣ ਸਬੰਧੀ ਕੇਸ ਦਰਜ ਕਰ ਲਿਆ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਵਿਰੁੱਧ 'ਬਗ਼ਾਵਤ' ਦਾ ਇਲਜ਼ਾਮ ਲਾਉਣ ਦੀ ਸਭ ਪਾਰਟੀਆਂ ਵਲੋਂ ਨਿਖੇਧੀ ਕੀਤੀ ਗਈ ਹੈ।

ਫੈਡਰੇਸ਼ਨ ਵਿਰੁੱਧ ਕਾਰਵਾਈ ਬਾਰੇ ਨੋਟੀਫੀਕੇਸ਼ਨ ਜਾਰੀ ਕਰਦਿਆਂ ਗ੍ਰਹਿ ਮੰਤਰਾਲੇ ਨੇ ਕਿਹਾ ਹੈ ਕਿ ਫੈਡਰੇਸ਼ਨ ਅਜਿਹੇ ਕੈਂਪ ਅਤੇ ਕਨਵੈਨਸ਼ਨਾਂ ਕਰ ਰਹੀ ਸੀ ਜਿਨ੍ਹਾਂ ਵਿਚ ਦੇਸ਼ ਨਾਲੋਂ ਵੱਖ ਹੋਣ ਲਈ ਭੜਕਾਇਆ ਜਾਂਦਾ ਸੀ ਅਤੇ ਫਿਰਕਿਆਂ ਵਿਚ ਫਰਕ ਪਾਉਣ ਦੀਆਂ ਕਾਰਵਾਈਆਂ ਵੀ ਕੀਤੀਆਂ ਜਾਂਦੀਆਂ ਸਨ। ਫੈਡਰੇਸ਼ਨ ਦੇ ਲੀਡਰ ਅਜਿਹੇ ਬਿਆਨ ਦਿੰਦੇ ਸਨ ਜਿਨ੍ਹਾਂ ਨਾਲ ਵੱਖ ਵੱਖ ਫਿਰਕਿਆਂ ਵਿਚ ਏਕਤਾ ਨੂੰ ਭੰਗ ਕੀਤਾ ਜਾ ਰਿਹਾ ਸੀ।

## ਰਾਸ਼ਟਰਪਤੀ ਰਾਜ ਦੀ ਮਿਆਦ ਵਧੀ

ਲੋਕ ਸਭਾ ਨੇ ਆਉਂਦੇ ਛੇ ਮਹੀਨਿਆਂ ਲਈ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਰੱਖੇ ਜਾਣ ਦਾ ਬਿਲ ਪਾਸ ਕਰ ਦਿੱਤਾ ਹੈ। ਯਾਦ ਰਹੇ ਕਿ ਪੰਜਾਬ ਵਿਚ ਰਾਸ਼ਟਰਪਤੀ ਰਾਜ ਦੀ ਮਿਆਦ 5 ਅਪਰੈਲ ਨੂੰ ਖਤਮ ਹੋ ਰਹੀ ਸੀ। ਲੋਕ ਸਭਾ ਨੇ 1984-85 ਦਾ ਪੰਜਾਬ ਦਾ ਬਜਟ ਵੀ ਪਾਸ ਕਰ ਦਿੱਤਾ।

## ਅਕਾਲੀ ਦਲ ਵਲੋਂ ਰਾਜ ਸਭਾ ਚੋਣਾਂ ਨਾ ਲੜਨ ਦਾ ਫੈਸਲਾ

ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਿਚੋਂ 29 ਮਾਰਚ ਨੂੰ ਹੋ ਰਹੀਆਂ ਰਾਜ ਸਭਾ ਦੀਆਂ ਦੋ ਸੀਟਾਂ ਲਈ ਚੋਣਾਂ ਨਾ ਲੜਨ ਦਾ ਫੈਸਲਾ ਕੀਤਾ ਹੈ। ਪਹਿਲੀ ਅਪਰੈਲ ਤੋਂ ਮਾਰਕਸੀ ਕਮਿਊਨਿਸਟ ਪਾਰਟੀ ਦੇ ਲੀਡਰ ਹਰਕਿਸ਼ਨ ਸਿੰਘ ਸੁਰਜੀਤ ਤੇ ਸ਼੍ਰੋਮਣੀ ਅਕਾਲੀ ਦਲ ਦੇ ਬੀਬੀ ਰਾਜਿੰਦਰ ਕੌਰ ਰਾਜ ਸਭਾ ਵਿਚੋਂ ਰੀਟਾਇਰ ਹੋ ਰਹੇ ਹਨ। ਇਸ ਹਾਲਤ ਵਿਚ ਸਾਡੇ ਪੱਤਰ ਪਰੇਰਕ ਅਨੁਸਾਰ ਇਹ ਦੋਵੇਂ ਸੀਟਾਂ ਕਾਂਗਰਸ(ਇੰਦਰਾ) ਦੇ ਹੱਥ ਆ ਜਾਣਗੀਆਂ। ਸੀ. ਪੀ. ਆਈ. ਦੇ ਰਾਜ ਸਕੱਤਰੇਤ ਨੇ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਸਭਾ ਸੀਟਾਂ ਨਾ ਲੜਨ ਦੇ ਫੈਸਲੇ ਦੀ ਨੁਕਤਾਚੀਨੀ ਕਰਦਿਆਂ ਕਿਹਾ ਹੈ ਕਿ ਅਕਾਲੀ ਕੌਮੀ ਧਾਰਾ ਨਾਲੋਂ ਟੁੱਟਣ ਦੀ ਕੋਸ਼ਿਸ਼ ਕਰ ਰਹੇ ਹਨ। ਚੰਡੀਗੜ੍ਹ ਵਿਚ ਦਿਤੇ ਸਕੱਤਰੇਤ ਦੇ ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਫੈਸਲਾ ਕੌਮੀ ਧਾਰਾ ਵਿਚੋਂ ਵੱਖ ਹੋਣ ਵੱਲ ਇਕ ਕਦਮ ਹੈ।

## ਬਿਨਾਂ ਸ਼ਰਤ ਗੱਲਬਾਤ

ਕੇਂਦਰੀ ਗ੍ਰਹਿ ਮੰਤਰੀ ਨੇ ਲੋਕ ਸਭਾ ਵਿਚ ਬਿਆਨ ਦਿੰਦਿਆਂ ਕਿਹਾ ਕਿ ਪੰਜਾਬ ਦੀ ਸਮੱਸਿਆ ਦੇ ਹੱਲ ਲਈ ਕੇਂਦਰ ਸਰਕਾਰ ਬਿਨਾਂ ਕਿਸੇ ਸ਼ਰਤ ਦੇ ਗਲਬਾਤ ਲਈ ਤਿਆਰ ਹੈ। ਪੀ. ਸੀ. ਸੇਠੀ ਨੇ ਕਿਹਾ ਕਿ ਅਕਾਲੀ ਲੀਡਰਾਂ ਨੂੰ ਇਸ ਬਾਰੇ ਦੱਸ ਦਿਤਾ ਗਿਆ ਹੈ ਕਿ ਸਰਕਾਰ ਬਿਨਾਂ ਸ਼ਰਤ ਉਨ੍ਹਾਂ ਨਾਲ ਗੱਲਬਾਤ ਕਰਨਾ ਚਾਹੁੰਦੀ ਹੈ। ਸ੍ਰੀ ਸੇਠੀ ਨੇ ਲੋਕ ਸਭਾ ਵਿਚ ਵਿਰੋਧੀ ਪਾਰਟੀਆਂ ਦੇ ਇਸ ਇਲਜ਼ਾਮ ਨੂੰ ਗ਼ਲਤ ਦੱਸਿਆ ਕਿ ਸਰਕਾਰ ਗੱਲਬਾਤ ਰਾਹੀਂ ਫੈਸਲਾ ਨਹੀਂ ਕਰਨਾ ਚਾਹੁੰਦੀ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਰਾਜ ਲਾਗੂ ਹੋਣ ਨਾਲ ਕਈਆਂ ਪੱਖਾਂ ਤੋਂ ਹਾਲਤ 'ਸੁਧਰੀ' ਹੈ ਅਤੇ ਆਉਂਦੇ ਸਮੇਂ ਵਿਚ ਪ੍ਰਬੰਧਕ ਅਤੇ ਰਾਜਨੀਤਕ ਤੌਰ ਤੇ ਹੋਰ 'ਸੁਧਾਰ' ਹੋਵੇਗਾ। ਵਿਰੋਧੀ ਪਾਰਟੀਆਂ ਦੇ ਮੈਂਬਰ ਸ੍ਰੀ ਸੇਠੀ ਨੂੰ ਲਗਾਤਾਰ ਟੋਕਦੇ ਰਹੇ ਕਿ ਪੰਜਾਬ ਵਿਚ ਹਾਲਤ ਸੁਧਰਨ ਦੀ ਥਾਂ ਵਿਗੜੀ ਹੈ।

## ਪੰਜਾਬ ਵਿਚ ਅਮਨ ਮਾਰਚ

ਪੰਜਾਬ ਦੇ ਲਗਪਗ ਸਾਰੇ ਸ਼ਹਿਰਾਂ ਵਿਚ ਅਮਨ ਕਮੇਟੀਆਂ ਸਥਾਪਤ ਹੋਣ ਨਾਲ ਘੱਟ ਗਿਣਤੀਆਂ ਵਿਚ ਭਰੋਸੇ ਦੀ ਭਾਵਨਾ ਪ੍ਰਬਲ ਹੋ ਰਹੀ ਹੈ। ਸਾਡੇ ਪੱਤਰ ਪਰੇਰਕ ਅਨੁਸਾਰ ਅਮਨ ਕਮੇਟੀਆਂ ਵਲੋਂ ਕੱਢੇ ਗਏ ਜਲੂਸਾਂ ਨਾਲ ਆਮ ਲੋਕਾਂ ਵਿਚ ਖਤਰੇ ਦਾ ਡਰ ਘਟਿਆ ਹੈ।

## ਨਾਰਵੇ ਵਿਚ ਫਿਰਕੂ ਹਿੰਸਾ ਵਿਰੁਧ ਵਿਖਾਵਾ

ਨਾਰਵੇ ਵਿਚ ਰਹਿੰਦੇ ਭਾਰਤੀਆਂ ਨੇ ਪੰਜਾਬ ਵਿਚ ਹੋ ਰਹੀ ਫਿਰਕੂ ਹਿੰਸਾ ਵਿਰੁਧ ਮੁਜ਼ਾਹਰਾ ਕੀਤਾ। ਇਸ ਦਾ ਸੰਗਠਨ ਇੰਡੀਅਨ ਪੀਪਲਜ਼ ਡੈਮੋਕਰੈਟਿਕ ਆਰਗੇਨਾਈਜ਼ੇਸ਼ਨ ਵਲੋਂ ਕੀਤਾ ਗਿਆ। ਅਸਲੋ ਵਿਚ ਰਾਜਦੂਤ ਨੂੰ ਮੈਮੋਰੈਂਡਮ ਵੀ ਦਿਤਾ ਗਿਆ ਜਿਸ ਵਿਚ ਪੰਜਾਬ ਤੇ ਹਰਿਆਣੇ ਵਿਚ ਹੋਏ ਫਿਰਕੂ ਦੰਗਿਆਂ ਦੀ ਨਿਖੇਧੀ ਕੀਤੀ ਗਈ ਹੈ। ਯਾਦ ਪੱਤਰ ਵਿਚ ਮੰਗ ਕੀਤੀ ਗਈ ਹੈ ਕਿ ਭਾਰਤ ਸਰਕਾਰ ਉਨ੍ਹਾਂ ਬਾਹਰਲੇ ਦੇਸ਼ਾਂ ਦੇ ਨਾਂ ਪ੍ਰਕਾਸ਼ਤ ਕਰੇ ਜਿਹੜੇ ਇਨ੍ਹਾਂ ਦੰਗਿਆਂ ਨੂੰ ਉਤਸ਼ਾਹਤ ਕਰ ਰਹੇ ਹਨ। ਯਾਦ ਪੱਤਰ ਵਿਚ ਕਿਹਾ ਗਿਆ ਹੈ ਕਿ ਭਾਰਤ ਧਰਮ-ਨਿਰਪੱਖ ਦੇਸ਼ ਹੈ ਇਸ ਲਈ ਧਰਮ, ਫਿਰਕੇ, ਜ਼ਾਤੀ ਅਤੇ ਬੋਲੀ ਦੇ ਆਧਾਰ ਤੇ ਦੇਸ਼ ਦੀ ਵੰਡ ਖਤਰਨਾਕ ਸਿੱਧ ਹੋਵੇਗੀ।

## ਮੋਰਚਾ ਐਕਸ਼ਨ ਕਮੇਟੀ ਨੇ ਇੰਦਰਾ ਨੂੰ ਕਸੂਰਵਾਰ ਠਹਿਰਾਇਆ

ਵੈਨਕੂਵਰ — 21 ਮਾਰਚ, 1984 ਨੂੰ ਮੋਰਚਾ ਐਕਸ਼ਨ ਕਮੇਟੀ ਵਲੋਂ ਇਕ ਮੈਮੋਰੈਂਡਮ ਕੌਂਸਲੇਟ ਜਨਰਲ ਆਫ ਇੰਡੀਆ ਨੂੰ ਸਾਢੇ ਗਿਆਰਾਂ ਵਜੇ ਦਿਤਾ ਗਿਆ ਜਿਸ ਵਿਚ ਮੋਰਚਾ ਐਕਸ਼ਨ ਕਮੇਟੀ ਨੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਯਾਦ-ਪੱਤਰ ਵਿਚ ਕਿਹਾ ਹੈ ਕਿ ਤੁਹਾਡੀ ਸਰਕਾਰ ਸਿੱਖ ਕੌਮ ਨੂੰ ਔਰੰਗਜ਼ੇਬ ਵਾਂਗ ਖਤਮ ਕਰਨ ਤੇ ਤੁਲੀ ਹੋਈ ਹੈ। ਯਾਦ ਪੱਤਰ ਵਿਚ ਕਿਹਾ ਗਿਆ ਹੈ ਕਿ ਜੋ ਕੁਝ ਹਰਿਆਣੇ ਵਿਚ ਭਜਨ ਲਾਲ ਨੇ ਕੀਤਾ ਹੈ, ਇਹ ਕਾਂਗਰਸ ਦੇ ਉਚ-ਅਧਿਕਾਰੀਆਂ ਦੀ 'ਸਾਜ਼ਿਸ਼' ਨਾਲ ਕੀਤਾ ਗਿਆ ਹੈ।

ਮੋਰਚਾ ਐਕਸ਼ਨ ਕਮੇਟੀ ਦੇ ਪ੍ਰਤੀਨਿਧਾਂ ਅਤੇ ਯਾਦ ਪੱਤਰ ਵਿਚ ਗੁਰੂ ਨਾਨਕ ਸਿੱਖ ਟੈਂਪਲ, ਡੈਲਟਾ-ਸਰੀ, ਅਕਾਲੀ ਸਿੰਘ ਸਿਖ ਸੁਸਾਇਟੀ ਵੈਨਕੂਵਰ, ਗੁਰੂ ਨਾਨਕ ਸਿਖ ਟੈਂਪਲ ਵਿਲੀਅਮਜ਼ ਲੇਕ, ਮੇਰਟ ਸਿੱਖ ਸੁਸਾਇਟੀ ਮੇਰਟ, ਪੰਜਾਬੀ ਅਕਾਲੀ ਸਿੰਘ ਸੁਸਾਇਟੀ, ਵਿਕਟੋਰੀਆ ਸਿੱਖ ਟੈਂਪਲ, ਸਕੁਮੈਸ਼, ਸਿੱਖ ਕਲਚਰਲ ਸੁਸਾਇਟੀ, ਕੈਮਲੂਪਸ, ਵੀ. ਆਈ. ਖਾਲਸਾ ਦੀਵਾਨ ਸੁਸਾਇਟੀ ਨਨਾਇਮੋ, ਖਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ, ਖਾਲਸਾ ਦੀਵਾਨ ਸੁਸਾਇਟੀ ਲੇਕ ਕੋਵੀਚਨ, ਪਾਲਦੀ ਖਾਲਸਾ ਦੀਵਾਨ ਸੁਸਾਇਟੀ ਪਾਲਦੀ, ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ, ਸਿੱਖ ਸੇਵਕ ਦਲ, ਵੈਨਕੂਵਰ ਅਤੇ ਸਿੱਖ ਯੂਥ ਫੈਡਰੇਸ਼ਨ ਆਫ ਕੈਨੇਡਾ ਸ਼ਾਮਲ ਹਨ।

(ਪਰੈਸ ਰੀਲੀਜ਼ ਅੰਦਰ ਪੜ੍ਹੋ)

## ਸੰਤ ਲੌਂਗੋਵਾਲ ਵਿਰੁਧ 'ਬਗਾਵਤ' ਦਾ ਦੋਸ਼



ਸੰਤ ਹਰਚੰਦ ਸਿੰਘ ਲੌਂਗੋਵਾਲ

ਬੀ.ਬੀ.ਸੀ. ਲੰਦਨ ਦੀ ਇਕ ਖਬਰ ਅਨੁਸਾਰ ਭਾਰਤ ਸਰਕਾਰ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਰੁਧ 'ਬਗਾਵਤ' ਦਾ ਦੋਸ਼ ਲਾਇਆ ਹੈ। ਸੰਤ ਲੌਂਗੋਵਾਲ ਵਲੋਂ ਕਾਮਨ ਵੈਲਥ ਦੇ ਲੀਡਰਾਂ ਨੂੰ ਉਨ੍ਹਾਂ ਦੇ ਦਿੱਲੀ ਵਿਚ ਹੋਏ ਸਮੇਲਨ ਸਮੇਂ ਇਕ ਚਿੱਠੀ ਲਿਖਣ ਦੇ ਆਧਾਰ ਤੇ ਇ ਦੋਸ਼ ਲਾਇਆ ਗਿਆ ਹੈ। ਚਿੱਠੀ ਵਿਚ ਇਹ ਅਪੀਲ ਕੀਤੀ ਗਈ ਸੀ ਕਿ ਸਿਖ ਮੰਗਾਂ ਨੂੰ ਮਨਾਉਣ ਲਈ ਭਾਰਤ ਸਰਕਾਰ ਤੇ ਜ਼ੋਰ ਪਾਇਆ ਜਾਵੇ। 'ਬਗਾਵਤ' ਦੇ ਦੋਸ਼ ਵਿਚ ਉਮਰ ਕੈਦ ਤਕ ਦੀ ਸਜ਼ਾ ਹੋ ਸਕਦੀ ਹੈ।

ਬੀ.ਬੀ.ਸੀ. ਦੀ ਇਕ ਹੋਰ ਖਬਰ ਅਨੁਸਾਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਭਾਰਤ ਸਰਕਾਰ ਦੀ ਇਸ ਕਾਰਵਾਈ ਦਾ ਕਰੜਾ ਵਿਰੋਧ ਕੀਤਾ ਹੈ ਅਤੇ ਉਨ੍ਹਾਂ ਅਨੁਸਾਰ ਸਰਕਾਰ ਖੁਦ ਸਿੱਖਾਂ ਨੂੰ ਸਰਕਾਰ ਵਿਰੋਧੀ ਕਾਰਵਾਈਆਂ ਲਈ ਮਜਬੂਰ ਕਰ ਰਹੀ ਹੈ।

ਇਸੇ ਸਮੇਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਹ ਮੰਗ ਕੀਤੀ ਗਈ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਅਕਾਲ ਤਖਤ ਵਿਚ ਰਿਹਾਇਸ਼ ਨਾ ਰਖਣ ਲਈ ਕਿਹਾ ਜਾਵੇ।

### ਅੰਦਰ ਪੜ੍ਹੋ :—

### ਵਿਸ਼ੇਸ਼ : ਸ਼ਹੀਦ ਭਗਤ ਸਿੰਘ

**ASIA BOOK COMPANY Ltd.**
#201-2001 E. 36th Ave.(Victoria Dr.) Vancouver
Ph. 321-6360

**ਡਿਕਸ਼ਨਰੀਆਂ ਦੀ ਸ਼ਿਪਮਿੰਟ ਪਹੁੰਚ ਗਈ**

**ਧਾਰਮਿਕ ਕਿਤਾਬਾਂ ਦੀ ਨਵੀਂ ਸ਼ਿਪਮਿੰਟ - ਸਟੀਕਾਂ**

(ਪੰਨਾ 4 ਦੀ ਬਾਕੀ)

**ਬਿਲਕੁਲ ਹੀ ਜ਼ਰੂਰੀ ਨਹੀਂ ਹੈ। ਅਸੀਂ ਇਹ ਸਿਖਿਆ ਕਿ ਸਿਰਫ ਅਟੱਲ ਤੇ ਬਹੁਤ ਹੀ ਜ਼ਰੂਰੀ ਹਾਲਾਤ ਵਿਚ ਹਿੰਸਾ ਜਾਇਜ਼ ਹੈ। ਲੋਕਾਂ ਦੀ ਸਾਰੀ ਲਹਿਰ ਵਿਚ 'ਅਹਿੰਸਾ' ਸਿਰਫ ਸਮੇਂ ਅਨੁਸਾਰ ਹੀ ਜ਼ਰੂਰੀ ਹੈ। ਇਹੋ ਹੀ ਅਮਲ(ਐਕਸ਼ਨ) ਦੇ ਫ਼ਲਸਫ਼ੇ ਦਾ ਸਮੁੱਚਾ ਭੇਤ ਹੈ।**

ਪਰ ਇਹ ਬਹੁਤ ਅਹਿਮ ਹੈ ਕਿ ਜਿਸ ਆਦਰਸ਼ ਵਾਸਤੇ ਅਸੀਂ ਜੂਝਣਾ ਹੈ: ਉਸ ਨੂੰ ਚੰਗੀ ਤਰ੍ਹਾਂ ਜਾਣੀਏਂ। ਕਿਉਂਕਿ ਸਾਡੀ ਜਥੇਬੰਦੀ ਦੀ ਇਸ ਸਬੰਧੀ ਕੋਈ ਯੋਜਨਾ ਨਹੀਂ ਸੀ, ਇਸ ਲਈ ਮੈਨੂੰ ਵੱਖ ਵੱਖ ਤਰ੍ਹਾਂ ਦੇ ਵਿਸ਼ਵ ਇਨਕਲਾਬੀ ਸਾਹਿਤ ਨੂੰ ਪੜ੍ਹਨ ਦਾ ਤੇ ਉਹਨਾਂ ਆਦਰਸ਼ਕ ਵਿਧੀਆਂ ਨੂੰ ਜੋਖਣ-ਪਰਖਣ ਦਾ ਮੌਕਾ ਮਿਲਿਆ। ਮੈਂ ਅਰਾਜਕਤਾਵਾਦੀ ਰੂਸੀ ਆਗੂ ਬਾਕੂਨਿਨ ਦੇ ਫਲਸਫੇ ਦਾ ਅਧਿਐਨ ਕੀਤਾ। ਮੈਂ ਕਮਿਊਨਿਸਟ ਫਲਸਫੇ ਦੇ ਪਿਤਾਮਾ 'ਮਾਰਕਸ' ਦੀਆਂ ਕੁਝ ਕਿਰਤਾਂ ਪੜ੍ਹੀਆਂ। ਮੈਂ ਲੈਨਿਨ ਤੇ ਟਰਾਟਸਕੀ ਵਰਗੇ ਕਰਮ-ਯੋਗੀਆਂ ਦੇ ਸ਼ਬਦਾਂ ਦਾ ਧਿਆਨ ਨਾਲ ਵਿਸ਼ਲੇਸ਼ਣ ਕੀਤਾ, ਜਿਨ੍ਹਾਂ ਨੇ ਸਾਮਰਾਜਵਾਦੀ ਰਾਜਤੰਤਰ ਦੇ ਹਨੇਰੇ ਵਿਚ ਆਪਣੇ ਦੇਸ਼ ਵਿਚ ਇਨਕਲਾਬ ਸਫਲਤਾ ਨਾਲ ਲਿਆਂਦਾ ਸੀ। ਇਹ ਸਾਰੇ ਸ਼ਖਸ ਪੱਕੇ ਨਾਸਤਕ ਹੀ ਸਨ।

ਬਾਕੂਨਿਨ ਦੀ ਕਿਤਾਬ 'ਗੌਡ ਐਂਡ ਦਾ ਸਟੇਟ'(ਰੱਬ ਤੇ ਰਿਆਸਤ) ਭਾਵੇਂ ਅਧੂਰੀ ਹੈ, ਪਰ ਇਸ ਵਿਚ ਅਮਲ ਦੇ ਫਲਸਫੇ ਦੀ ਚਰਚਾ ਦਿਲਚਸਪ ਢੰਗ ਨਾਲ ਕੀਤੀ ਗਈ ਹੈ। ਇਸ ਮਗਰੋਂ ਨਿਰਲੰਬ ਸੁਆਮੀ ਦੀ ਲਿਖੀ ਹੋਈ ਕਿਤਾਬ 'ਕੌਮਨ ਸੈਂਸ'(ਸਾਧਾਰਣ ਸੂਝ) ਪੜ੍ਹੀ। ਪਰ ਇਹਦੀ ਨਾਸਕਤਾ ਸਪਸ਼ਟ ਨਹੀਂ ਹੈ ਪਰ ਬਾਕੂਨਿਨ ਦੀ ਕਿਰਤ ਏਨੀ ਸਪਸ਼ਟ ਹੈ ਕਿ ਇਹ ਮੇਰੇ ਦਿਲ ਉਤੇ ਛਾ ਗਈ। 1926 ਦੇ ਅੰਤ ਤਕ ਮੈਂ ਸਮਝ ਗਿਆ ਸਾਂ ਕਿ ਆਸਤਕਤਾ ਦਾ ਇਹ ਅਸੂਲ ਇਸ ਬ੍ਰਹਿਮੰਡ ਦੇ ਪਿਛੇ ਕੋਈ ਸਿਰਜਕ, ਪਾਲਣਹਾਰ ਤੇ ਸਰਵ-ਸ਼ਕਤੀਮਾਨ ਰੱਬ ਹੈ, ਸਰਕਾਰ ਬੇ-ਬੁਨਿਆਦ ਹੈ। ਫੇਰ ਮੇਰੀ ਨਾਸਤਕਤਾ ਪੱਕੀ ਹੋ ਗਈ। ਮੈਂ ਆਪਣੇ ਸਾਥੀਆਂ ਨਾਲ ਨਾਸਤਕਤਾ ਬਾਰੇ ਵਿਚਾਰ-ਚਰਚਾ ਸ਼ੁਰੂ ਕਰ ਦਿਤੀ।

ਮਈ 1927 ਵਿਚ ਮੈਂ ਲਾਹੌਰ ਵਿਚ ਗ੍ਰਿਫਤਾਰ ਹੋਇਆ। ਇਹ ਸਭ ਅਚਾਨਕ ਹੋਇਆ : ਮੈਨੂੰ ਇਸ ਗੱਲ ਦੀ ਅਸਲੋਂ ਹੀ ਕੋਈ ਸਾਰ ਨਹੀਂ ਸੀ ਕਿ ਪੁਲਸ ਮੇਰੇ ਪਿਛੇ ਲਗੀ ਹੋਈ ਹੈ। ਜਦੋਂ ਮੈਂ ਕਿਸੇ ਬਾਗ ਵਿਚੋਂ ਲੰਘ ਰਿਹਾ ਸਾਂ, ਤਾਂ ਪੁਲਸ ਨੇ ਇਕ-ਦੰਮ ਮੈਨੂੰ ਘੇਰ ਲਿਆ। ਮੈਂ ਹੁਣ ਵੀ ਹੈਰਾਨ ਹੁੰਦਾ ਹਾਂ ਕਿ ਮੈਂ ਉਦੋਂ ਏਨੇ ਧੀਰਜ ਨਾਲ ਕਿਵੇਂ ਪੇਸ਼ ਆਇਆ ਸੀ। ਉਸ ਵੇਲੇ ਮੈਨੂੰ ਗੁੱਸਾ ਬਿਲਕੁਲ ਵੀ ਨਹੀਂ ਆਇਆ ਸੀ, ਤੇ ਨਾ ਹੀ ਮੈਂ ਘਬਰਾਇਆ ਜਾਂ ਉਤੇਜਿਤ ਹੋਇਆ ਸੀ। ਪਹਿਲਾਂ ਮੈਨੂੰ ਹਵਾਲਾਤ ਵਿਚ ਰਖਿਆ ਗਿਆ ਤੇ ਦੂਜੇ ਦਿਨ ਉਹ ਮੈਨੂੰ ਰੇਲਵੇ ਪੁਲਸ ਜੇਲ੍ਹ ਲੈ ਗਏ। ਉਥੇ ਮੈਨੂੰ ਪੂਰਾ ਇਕ ਮਹੀਨਾ ਕੱਟਣਾ ਪਿਆ। ਪੁਲਸ ਅਫਸਰਾਂ ਨਾਲ ਹੋਈ ਗੱਲ-ਬਾਤ ਤੋਂ ਮੈਂ ਕਈ ਦਿਨਾਂ ਮਗਰੋਂ ਅੰਦਾਜ਼ਾ ਲਾਇਆ ਕਿ ਉਹਨਾਂ ਨੂੰ ਕਾਕੋਰੀ ਪਾਰਟੀ ਨਾਲ ਮੇਰੇ ਸਬੰਧਾਂ ਬਾਰੇ ਤੇ ਇਨਕਲਾਬੀ ਲਹਿਰ ਨਾਲ ਸਬੰਧਤ ਮੇਰੀਆਂ ਸਰਗਰਮੀਆਂ ਬਾਰੇ ਜ਼ਰੂਰ ਹੀ ਪਤਾ ਲੱਗ ਗਿਆ ਹੋਣਾ ਹੈ ਤੇ ਇਸੇ ਕਰਕੇ ਮੈਨੂੰ ਗ੍ਰਿਫਤਾਰ ਕੀਤਾ ਗਿਆ। ਉਹਨਾਂ ਨੇ ਮੈਨੂੰ ਦੱਸਿਆ ਕਿ ਜਦੋਂ ਮੁਕੱਦਮਾ ਚਲ ਰਿਹਾ ਸੀ, ਮੈਂ ਉਦੋਂ ਲਖਨਊ ਤੋਂ ਆਇਆ ਸਾਂ ਤੇ ਇਹ ਕਿ ਮੈਂ ਉਹਨਾ ਨਾਲ(ਕਾਕੋਰੀ ਮੁਲਜ਼ਮਾਂ) ਰਲ ਕੇ ਉਹਨਾਂ ਦੀ ਰਿਹਾਈ ਦੀ ਵਿਉਂਤ ਬਣਾਈ ਸੀ, ਉਹਨਾਂ ਦੀ ਪਰਵਾਨਗੀ ਨਾਲ ਕੁਝ ਬੰਬ ਬਣਾਏ ਸਨ ਤੇ ਅਸੀਂ 1926 ਦੇ ਦੁਸਹਿਰੇ ਦੇ ਮੇਲੇ ਵਿਚ ਬੰਬ ਸੁੱਟ ਕੇ ਤਜਰਬਾ ਕੀਤਾ ਸੀ। ਉਨ੍ਹਾਂ ਮੈਨੂੰ ਇਹ ਵੀ ਦੱਸਿਆ ਸੀ ਕਿ ਜੇ ਮੈਂ ਉਨ੍ਹਾਂ ਨੂੰ ਇਨਕਲਾਬੀ ਲਹਿਰ ਦੀਆਂ ਸਰਗਰਮੀਆਂ ਬਾਰੇ ਦੱਸ ਦੇਵਾਂ ਤਾਂ ਉਹ ਮੈਨੂੰ ਕਚਹਿਰੀ ਵਿਚ "ਵਾਅਦਾ ਮੁਆਫ" ਬਣਾ ਕੇ ਪੇਸ਼ ਨਹੀਂ ਕਰਨਗੇ, ਸਗੋਂ ਰਿਹਾ ਕਰ ਦੇਣਗੇ ਤੇ ਇਨਾਮ ਦੇਣਗੇ। ਉਨ੍ਹਾਂ ਇਹ ਗੱਲ ਮੈਨੂੰ ਬੜੀ ਨਿਮਰਤਾ ਨਾਲ ਆਖੀ ਜਿਵੇਂ ਉਨ੍ਹਾਂ ਦੀ ਮੇਰੇ ਵਿਚ ਬਹੁਤ ਹੀ ਜਾਤੀ ਦਿਲਚਸਪੀ ਹੋਵੇ। ਮੈਨੂੰ ਉਨ੍ਹਾਂ ਦੀ ਸਲਾਹ ਉਤੇ ਹਾਸਾ ਆਇਆ, ਕਿਉਂਕਿ ਮੈਨੂੰ ਪਤਾ ਸੀ ਇਹ ਨਿਰਾ ਧੋਖਾ ਹੈ। ਸਾਡੀ ਤਬੀਅਤ ਵਾਲੇ ਬੰਦੇ ਆਪਣੇ ਮਾਸੂਮ ਲੋਕਾਂ ਉਤੇ ਬੰਬ ਸੁਟਣ ਬਾਰੇ ਕਦੇ ਸੋਚ ਵੀ ਨਹੀਂ ਸਕਦੇ। ਇਕ ਸਵੇਰ ਸੀ. ਆਈ. ਡੀ. ਦਾ ਚੀਫ ਸੁਪਰਡੈਂਟ ਨਿਊਮੈਨ ਮੈਨੂੰ ਮਿਲਣ ਆਇਆ। ਉਹਨੇ ਮੇਰੇ ਨਾਲ ਲੰਮੀ ਚੌੜੀ ਗੱਲਬਾਤ ਕੀਤੀ ਤੇ ਉਹ ਮੇਰੇ ਨਾਲ ਬੜੀ ਹਮਦਰਦੀ ਦਿਖਾ ਰਿਹਾ ਸੀ। ਆਖੀਰ ਉਹਨੇ ਮੈਨੂੰ ਕਿਹਾ ਕਿ ਜੇ ਮੈਂ ਉਨ੍ਹਾਂ ਦੀ ਮਰਜ਼ੀ ਦਾ ਬਿਆਨ ਨਾ ਦਿਤਾ, ਤਾਂ ਸਰਕਾਰ ਵਿਰੁਧ ਜੰਗ ਦੀ ਤਿਆਰੀ ਕਰਨ, ਕਾਕੋਰੀ ਕੇਸ ਵਿਚ ਸ਼ਾਮਲ ਹੋਣ ਤੇ ਦੁਸਹਿਰਾ ਬੰਬ ਕਾਂਡ ਦੇ ਕਤਲਾਂ ਦਾ ਮੇਰੇ ਉਤੇ ਦੋਸ ਲਾਉਣ ਲਈ ਉਹਨਾਂ ਨੂੰ ਮਜਬੂਰ ਹੋਣਾ ਪਵੇਗਾ, ਤੇ ਉਨ੍ਹਾਂ ਨੂੰ ਮੇਰੇ ਉਤੇ ਮੁਕੱਦਮਾ ਚਲਾਉਣਾ ਪਵੇਗਾ। ਫਿਰ ਉਹ ਮੈਨੂੰ ਆਖਣ ਲੱਗਾ ਕਿ ਉਨ੍ਹਾਂ ਕੋਲ ਕਾਫੀ ਗਵਾਹੀ ਮੌਜੂਦ ਹੈ ਤੇ ਉਹ ਮੈਨੂੰ ਫਾਂਸੀ ਦੀ ਸਜ਼ਾ ਦਿਵਾ ਸਕਦੇ ਹਨ। ਮੈਨੂੰ ਬਿਲਕੁਲ ਹੀ ਕੁਝ ਵੀ ਨਹੀਂ ਪਤਾ ਸੀ। ਪਰ ਮੈਨੂੰ ਪਤਾ ਸੀ ਕਿ ਪੁਲਸ ਜੋ ਚਾਹਵੇ ਕਰ ਸਕਦੀ ਹੈ। ਉਸੇ ਦਿਨ ਕੁਝ ਪੁਲਸ ਅਫਸਰ ਆ ਕੇ ਮੈਨੂੰ ਕਹਿਣ ਲਗੇ ਕਿ ਮੈਂ ਦਿਨ ਵਿਚ ਦੋ ਵਾਰੀ ਰੱਬ ਦਾ ਨਾਂ ਲਿਆ ਕਰਾਂ। ਉਦੋਂ ਮੈਂ ਨਾਸਤਕ ਸਾਂ, ਪਰ ਮੈਂ ਸ਼ਸ਼ੋਪੰਜ ਵਿਚ ਸਾਂ ਕਿ ਮੈਂ ਔਖੀ ਘੜੀ ਆਪਣੇ ਅਵਿਸ਼ਵਾਸ ਉਤੇ ਅਡਿੱਗ ਰਹਿ ਸਕਾਂਗਾ ਜਾਂ ਨਹੀਂ ਆਖਰ ਮੈਂ ਫੈਸਲਾ ਕੀਤਾ ਕਿ ਅਰਦਾਸ ਕਰਨ ਦਾ ਕੋਈ ਮਤਲਬ ਨਹੀਂ ਹੈ, ਕਿਉਂਕਿ ਰੱਬ ਕਿਤੇ ਨਹੀਂ ਹੈ। ਨਾਸਤਕਤਾ ਦੇ ਮੇਰੇ ਅਸੂਲ ਇਸ ਪਰਖ ਦੀ ਘੜੀ ਵਿਚ ਵੀ ਸਫਲ ਰਹੇ। ਮੈਂ ਕਦੇ ਇਕ ਪਲ ਵੀ ਕਿਸੇ ਕੀਮਤ ਉਤੇ ਆਪਣੀ ਜ਼ਿੰਦਗੀ ਬਚਾਉਣ ਬਾਰੇ ਸੋਚਿਆ ਨਹੀਂ ਸੀ।

ਮੈਂ ਪੱਕਾ ਨਾਸਤਕ ਹੋ ਗਿਆ ਤੇ ਹੁਣ ਤਕ ਹਾਂ। ਔਖੀ ਘੜੀ ਵੇਲੇ ਸਾਬਤ ਕਦਮ ਰਹਿਣਾ ਕੋਈ ਸੌਖੀ ਗੱਲ ਨਹੀਂ ਹੈ। ਜ਼ਿੰਦਗੀ ਦੀ ਇਹੋ ਜਿਹੀ ਘੜੀ ਵੇਲੇ ਰੱਬ ਦਾ ਅਕੀਦਾ ਤਾਂ ਕਿਸੇ ਨੂੰ ਧਰਵਾਸ ਦੇ ਸਕਦਾ ਹੈ। ਇਸ ਸਦਕਾ ਔਖੀ ਘੜੀ ਮਾਣਨਯੋਗ, ਆਰਾਮਦੇਹ ਜਾਂ ਪੁਰ-ਸਕੂਨ ਵੀ ਹੋ ਸਕਦੀ ਹੈ। ਇਸ ਵੇਲੇ ਸਾਬਤ-ਕਦਮ ਰਹਿਣਾ ਬੱਚਿਆਂ ਦੀ ਖੇਡ ਨਹੀਂ ਹੁੰਦੀ। ਕਿਸੇ ਸ਼ਖਸ ਵਿਚ ਕੋਈ ਹਉਮੈ ਬਚੀ ਹੋਈ ਹੋਵੇ, ਤਾਂ ਉਹ ਇਹੋ ਜਿਹੇ ਸਮੇਂ ਕਾਫੂਰ ਹੋ ਜਾਂਦੀ ਹੈ। ਫੇਰ ਕੋਈ ਸ਼ਖਸ ਨਾਸਕਤਾ ਦੀ ਗੱਲ ਕਰਨ ਦੀ ਹਿੰਮਤ ਵੀ ਨਹੀਂ ਕਰਦਾ। ਜੇ ਉਹ ਹਿੰਮਤ ਕਰਦਾ ਹੈ, ਤਾਂ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਹਦੇ ਅੰਦਰ ਉਹਦੀ ਨਿਰੀ ਹਉਮੈ ਨਾਲੋਂ ਕੋਈ ਹੋਰ ਤਾਕਤ ਵੀ ਹੁੰਦੀ ਹੋਏਗੀ। ਮੇਰੀ ਇਹੀ ਹਾਲਤ ਸੀ। ਮੈਨੂੰ ਪਹਿਲਾਂ ਹੀ ਪਤਾ ਸੀ ਕਿ ਮੇਰੇ ਮੁਕੱਦਮੇ ਦਾ ਕੀ ਹਸ਼ਰ ਹੋਏਗਾ, (ਭਾਵੇਂ ਜੱਜ ਨੇ ਫੈਸਲਾ ਸੁਣਵਾਈ ਤੋਂ ਇਕ ਹਫਤਾ ਮਗਰੋਂ ਸੁਣਾਇਆ ਸੀ) ਕਿ ਮੈਂ ਆਪਣੇ ਵਤਨ ਲਈ ਆਪਣੀ ਜਾਨ ਕੁਰਬਾਨ ਕਰ ਦੇਣੀ ਹੈ। ਇਸ ਵਿਚਾਰ ਤੋਂ ਛੁੱਟ ਹੋਰ ਮੇਰਾ ਕਿਹੜਾ ਆਸਰਾ ਸੀ ? ਪੁਨਰ-ਜਨਮ ਵਿਚ ਯਕੀਨ ਰੱਖਣ ਵਾਲੇ ਹਿੰਦੂ ਨੂੰ ਤਾਂ ਇਹੀ ਸੋਚ ਕੇ ਆਸਰਾ ਹੁੰਦਾ ਹੋਣਾ ਹੈ ਕਿ ਅਗਲੇ ਜਨਮ ਵਿਚ ਉਹ ਬਾਦਸ਼ਾਹ ਬਣੇਗਾ। ਕੋਈ ਮੁਸਲਮਾਨ ਜਾਂ ਇਸਾਈ ਇਥੋਂ ਦੀ ਆਪਣੀ ਜ਼ਿੰਦਗੀ ਦੇ ਇਮਤਿਹਾਨਾਂ ਤੇ ਆਫਤਾਂ ਦੇ ਸਿੱਟੇ ਵਜੋਂ ਸਵਰਗ ਦੀ ਕਲਪਨਾ ਕਰ ਸਕਦਾ ਹੈ। ਪਰ ਕਿਸੇ ਨਾਸਤਕ ਨੂੰ ਕਾਹਦੀ ਆਸ ਹੋ ਸਕਦੀ ਹੈ ?

ਜਦ ਫਾਂਸੀ ਦਾ ਫੰਦਾ ਮੇਰੇ ਗਲ ਵਿਚ ਪਏਗਾ, ਜਿਸ ਬਿੰਦ ਮੇਰੇ ਜਿਸਮ ਦੇ ਭਾਰ ਨਾਲ ਮੇਰਾ ਗਲ ਘੁਟਿਆ ਜਾਏਗਾ, ਜਦੋਂ ਮੇਰੇ ਪੈਰਾਂ ਥੱਲਿਓਂ ਤਖਤੇ ਖੋਲ੍ਹ ਦਿਤੇ ਗਏ — ਓਹੀ ਪਲ ਮੇਰੀ ਜ਼ਿੰਦਗੀ ਦਾ ਆਖਰੀ ਪਲ ਹੋਏਗਾ। ਵੇਦਾਂਤ ਦੀ ਸ਼ਾਨਦਾਰ ਸ਼ਬਦਾਵਲੀ ਵਿਚ ਆਖੀਏ ਤਾਂ ਇਹ ਮੇਰੀ ਆਤਮਾ ਦਾ ਆਖਰੀ ਪਲ ਹੋਏਗਾ। ਇਸ ਪਲ ਮਗਰੋਂ ਫੇਰ ਕੁਝ ਵੀ ਨਹੀਂ। ਜਦੋਂ ਮੇਰੇ ਵਿਚ ਆਪਣੀ ਨਾਸਤਕ ਅੱਖ ਨਾਲ ਇਹ ਦੇਖਣ ਦੀ ਹਿੰਮਤ ਹੈ, ਤਾਂ ਮੇਰੀ ਜ਼ਿੰਦਗੀ ਦਾ ਇਕੋ ਇਕ ਇਨਾਮ ਇਹ ਸੱਚ ਜਾਣ ਲੈਣ ਵਿਚ ਹੈ ਕਿ ਮੇਰੀ ਜ਼ਿੰਦਗੀ ਛੋਟੀ ਜਿਹੀ ਜ਼ਿੰਦਗੀ ਸੀ, ਜੋ ਆਪਣੇ ਸਾਹਮਣੇ ਕਿਸੇ ਮਹਾਨ ਮਨੋਰਥ ਲਈ ਲਗਾਤਾਰ ਜਦੋ ਜਹਿਦ ਕਰਦੀ ਰਹੀ, ਤੇ ਬੱਸ।

ਕਿਸੇ ਖੁਦਗਰਜ਼ੀ ਦੇ, ਬਿਨਾਂ ਇਸ ਜ਼ਿੰਦਗੀ ਵਿਚ ਜਾਂ ਇਹੋ ਜਿਹੀ ਕਿਸੇ ਅਗਲੀ ਜ਼ਿੰਦਗੀ ਵਿਚ ਕਿਸੇ ਇਨਾਮ ਦੀ ਖਾਹਿਸ਼ ਦੇ ਬਿਨਾਂ, ਆਪਣਾ ਸਾਰਾ ਆਪਾ ਭੁਲ ਕੇ ਮੈਂ ਆਜ਼ਾਦੀ ਲਈ ਆਪਣੀ ਜ਼ਿੰਦਗੀ ਲੇਖੇ ਲਾਈ ਹੈ, ਕਿਉਂਕਿ ਮੇਰੇ ਲਈ ਹੋਰ ਕੋਈ ਰਾਹ ਨਹੀਂ। ਇਨਸਾਨੀਅਤ ਦੀ ਖਿਦਮਤ ਤੇ ਗਰੀਬਾਂ ਦੀ ਨਜਾਤ ਲਈ ਕੰਮ ਕਰਨ, ਮਜ਼ਲੂਮਾਂ ਤੇ ਲੁਟੇ-ਪੁਟੇ ਲੋਕਾਂ ਦੇ ਡਰ ਦੂਰ ਕਰਨ ਤੋਂ ਬਿਨਾਂ ਹੋਰ ਕੁਝ ਨਾ ਸੋਚਣ ਵਾਲੇ ਸ਼ੇਰਾਂ ਵਰਗੇ ਮਰਦ-ਔਰਤ ਮੈਦਾਨ ਵਿਚ ਨਿਤਰਨਗੇ, ਤਾਂ ਹੀ ਆਜ਼ਾਦੀ ਦਾ ਯੁਗ ਸ਼ੁਰੂ ਹੋਏਗਾ। ਉਹ ਬਾਦਸ਼ਾਹਾਂ ਦੇ ਬਾਦਸ਼ਾਹ ਬਣਨ ਜਾਂ ਇਸ ਜਨਮ ਵਿਚ ਜਾਂ ਸਵਰਗ ਵਿਚ ਇਨਾਮ ਹਾਸਲ ਕਰਨ ਜਾਂ ਆਪਣੀ ਨਿੱਜੀ ਖੁਸ਼ੀ ਲਈ ਨਹੀਂ ਜੂਝਣਗੇ। ਉਹ ਤਾਂ ਇਨਸਾਨਾਂ ਦੇ ਮੋਢਿਆਂ ਤੋਂ ਗੁਲਾਮੀ ਦਾ ਜੂਲਾ ਲਾਹ ਕੇ ਮਨੁਖਤਾ ਵਿਚ ਅਮਨ ਤੇ ਆਜ਼ਾਦੀ ਕਾਇਮ ਕਰਨ ਲਈ ਜੂਝਦੇ ਹਨ। ਇਹ ਖਤਰਨਾਕ ਰਾਹ ਹੈ। ਜੇ ਅਸੀਂ ਖੁਲ੍ਹੇ ਦਿਲ ਨਾਲ ਇਹਦੇ ਬਾਰੇ ਸੋਚੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਉਹ ਨਿਵੇਕਲੀ ਕਿਸਮ ਦੇ ਮਹਾਨਤਮ ਇਖਲਾਕੀ ਮਾਰਗ ਉਤੇ ਚਲ ਰਹੇ ਹਨ। ਕੀ ਉਹਨਾਂ ਦੀ ਆਦਰਸ਼-ਪ੍ਰਣਾਈ ਤੇ ਮਹਾਨਤਮ ਕੁਰਬਾਨੀ ਵਾਲੀ ਜ਼ਿੰਦਗੀ ਨੂੰ 'ਹੰਕਾਰ' ਕਿਹਾ ਜਾ ਸਕਦਾ ਹੈ ? ਉਨ੍ਹਾਂ ਵਿਰੁਧ ਇਹ ਨਜਾਇਜ਼ ਲਫਜ਼ 'ਹੰਕਾਰ' ਵਰਤਣ ਦੀ ਕੌਣ ਹਿਮਾਕਤ ਕਰੇਗਾ ? ਜੇ ਕੋਈ ਇੰਝ ਕਰਦਾ ਹੈ, ਤਾਂ ਮੈਂ ਤਾਂ ਇਹੀ ਆਖਾਂਗਾ ਕਿ ਜਾਂ ਤਾਂ ਉਹ ਮੂਰਖ ਹੈ ਜਾਂ ਲਫੰਗਾ। ਪਰ ਅਸੀਂ ਇਹੋ ਜਿਹੇ ਬੰਦੇ ਨੂੰ ਮੁਆਫੀ ਬਖਸ਼ ਦਿਆਂਗੇ, ਕਿਉਂਕਿ ਉਸ ਵਿਚ ਏਨੀ ਕਾਬਲੀਅਤ ਹੀ ਨਹੀਂ ਕਿ ਉਹ ਉਨ੍ਹਾਂ ਦੇ ਦਿਲਾਂ ਦੀ ਡੂੰਘਾਈ, ਉਨ੍ਹਾਂ ਦੀ ਭਾਵਨਾ, ਉਨ੍ਹਾਂ ਦੇ ਉਤਸ਼ਾਹ ਤੇ ਤਰਕ ਨਾਲ ਆਪਣੇ ਜਜ਼ਬਿਆਂ ਨੂੰ ਕਾਬੂ ਵਿਚ ਰਖਣ ਦੀ ਯੋਗਤਾ ਦੀ ਪ੍ਰਸੰਸਾ ਕਰ ਸਕੇ। ਕਿਉਂਕਿ ਉਹਦਾ ਦਿਲ ਤਾਂ ਬੇਜਾਨ ਲੋਥੜਾ ਹੈ। ਉਹਦੀ ਦ੍ਰਿਸ਼ਟੀ ਨੈਤਿਕ-ਪੱਤਨ ਦਾ ਸ਼ਿਕਾਰ ਹੈ। ਉਹਦਾ ਦਿਲ ਤੇ ਉਹਦੀ ਨਜ਼ਰ ਹੋਰ ਗੱਲਾਂ ਦੀ ਵੀ ਸ਼ਿਕਾਰ ਹੈ। ਸਵੈ-ਵਿਸ਼ਵਾਸ ਨੂੰ ਹਮੇਸ਼ਾਂ ਹਉਮੈ ਦਾ ਨਾ ਦਿਤਾ ਗਿਆ ਹੈ, ਪਰ ਅਸੀਂ ਇਸ ਹਾਲਤ ਉਤੇ ਤਾਂ ਸਿਰਫ ਤਰਸ ਹੀ ਕਰ ਸਕਦੇ ਹਾਂ।

ਪਰਚਲਤ ਪਰੰਪਰਾ, ਵਿਸ਼ਵਾਸ ਜਾਂ ਧਰਮ ਦਾ ਵਿਰੋਧ ਕਰਨ ਜਾਂ ਕਿਸੇ ਮਹਾਤਮਾ, ਅਵਤਾਰ, ਪੈਗੰਬਰ ਤੋਂ ਨਿਹਕਲੰਕ ਸਮਝੇ ਜਾਂਦੇ ਸ਼ਖਸ ਵਿਰੁਧ ਕੁਝ ਆਖਣ ਦੀ ਕੋਸ਼ਿਸ਼ ਕਰਕੇ ਦੇਖੋ। ਲੱਖ ਦਲੀਲਾਂ ਵਰਤ ਲਓ, ਪਰ ਤੁਹਾਨੂੰ ਘੁਮੰਡੀ, ਕਲੰਕੀ ਗਰਦਾਨਿਆਂ ਜਾਏਗਾ ਤੇ ਤੁਹਾਡਾ ਮਜ਼ਾਕ ਉਡਾਇਆ ਜਾਏਗਾ। ਇਹਦਾ ਕਾਰਣ ਇਹ ਹੈ ਕਿ ਲੋਕ ਆਪ ਤਾਂ ਸੋਚ ਹੀ ਨਹੀਂ ਸਕਦੇ, ਆਪਣੇ ਸਿਰ ਉਚੇ ਨਹੀਂ ਕਰ ਸਕਦੇ, ਸਗੋਂ ਮਾਨਸਿਕ ਤੌਰ ਉਤੇ ਅਪਾਹਜ ਰਹਿਣਗੇ। ਸੁਤੰਤਰ ਤੌਰ ਉਤੇ ਸੋਚ ਸਕਣਾ ਤੇ ਵਿਸ਼ਲੇਸ਼ਣਾਤਮਕ ਤਰਕਸ਼ੀਲਤਾ—ਇਹ ਕਿਸੇ ਇਨਕਲਾਬੀ ਦੇ ਬਹੁਤ ਅਹਿਮ ਗੁਣ ਹਨ।

"ਮਹਾਤਮਾ ਜੀ ਮਹਾਨ ਪੁਰਖ ਹਨ। ਇਸ ਲਈ ਸਾਨੂੰ ਉਨ੍ਹਾਂ ਦੀ ਨੁਕਤਾਚੀਨੀ ਕਰਨੀ ਹੀ ਨਹੀਂ ਚਾਹੀਦੀ। ਉਹ ਏਨੇ ਮਹਾਨ ਹਨ ਕਿ ਉਹ ਜੋ ਕੁਝ ਵੀ ਆਖਦੇ ਹਨ — ਭਾਵੇਂ ਇਹ ਰਾਜਨੀਤੀ ਹੈ, ਧਰਮ ਹੈ ਜਾਂ ਆਰਥਕਤਾ ਹੈ ਜਾਂ ਨਿਆਂ ਹੈ — ਠੀਕ ਆਖਦੇ ਹਨ, ਤੁਸੀਂ ਇਹਨੂੰ ਸਹੀ ਮੰਨੋ ਜਾਂ ਗਲਤ ਮੰਨੋ, ਪਰ ਤੁਸੀਂ 'ਹਾਂ' ਜ਼ਰੂਰ ਆਖੋ, ਉਹ ਜੋ ਵੀ ਆਖਦੇ ਹਨ, ਬਹੁਤ ਸੱਚ ਹੁੰਦਾ ਹੈ।" ਇਹੋ ਜਿਹਾ ਰੁਝਾਣ ਸਾਨੂੰ ਪ੍ਰਗਤੀ ਦੇ ਰਾਹ ਉਤੇ ਇਕ ਇੰਚ ਵੀ ਅਗਾਂਹ ਨਹੀਂ ਖੜੇਗਾ। ਇਹ ਸ਼ਰਮਨਾਕ ਤੌਰ ਉਤੇ ਪਤਨਸ਼ੀਲ ਵਿਚਾਰ ਹੈ।

ਜੇ ਸਾਡੇ ਵਿਚੋਂ ਕੋਈ ਈਮਾਨ ਉਤੇ ਉਂਗਲ ਰੱਖਦਾ ਹੈ ਜਾਂ ਸਰਬ-ਸ਼ਕਤੀਮਾਨ ਦੀ ਹੋਂਦ ਤੋਂ ਮੁਨਕਰ ਹੋਣ ਦੀ ਹਿੰਮਤ ਕਰਦਾ ਹੈ, ਤਾਂ ਲੋਕ ਉਹਨੂੰ ਪਤਿਤ ਜਾਂ ਕਾਫਰ ਆਖਦੇ ਹਨ, ਸਿਰਫ ਇਸੇ ਲਈ ਕਿ ਸਾਡੇ ਵਡੇ ਵਡੇਰਿਆਂ ਦਾ ਪਰਮਾਤਮਾ ਵਿਚ ਵਿਸ਼ਵਾਸ਼ ਹੁੰਦਾ ਸੀ। ਜੇ ਉਹਦੀਆਂ ਦਲੀਲਾਂ ਵਧੇਰੇ ਵਜ਼ਨੀ ਹੋਣ, ਜੇ ਉਹਦੇ ਸੰਕਲਪ ਦੁਖ ਤਕਲੀਫਾਂ ਵਿਚ ਜਾਂ ਰੱਬ ਦੀ ਕਰੋਪੀ ਅੱਗੇ ਦ੍ਰਿੜ ਰਹਿਣ ਤਾਂ ਲੋਕ ਉਹਨੂੰ ਹੰਕਾਰੀ, ਘੁਮੰਡੀ ਆਖ ਕੇ ਗਾਲ੍ਹਾਂ ਕੱਢਦੇ ਹਨ। ਫੇਰ ਇਹ ਆਸਤਕ ਉਸ ਨਾਲ ਬਹਿਸ ਕਰਕੇ ਆਪਣਾ ਸਮਾਂ ਜ਼ਾਇਆ ਹੀ ਕਿਉਂ ਕਰਦੇ ਹਨ ? ਪਹਿਲੀ ਵਾਰ ਲੋਕਾਂ ਵਿਚ ਇਹੋ ਜਿਹੇ ਸ਼ੰਕੇ ਪੈਦਾ ਹੋਏ ਹਨ। ਪਹਿਲੀ ਵਾਰ ਇਹ ਗੱਲਾਂ ਲੋਕਾਂ ਨੇ ਅਮਲ ਵਿਚ ਲਿਆਂਦੀਆਂ ਹਨ। ਇਸ ਲਈ ਸਾਨੂੰ ਇਸ ਵਿਸ਼ੇ ਬਾਰੇ ਵਿਸਥਾਰ ਨਾਲ ਸੋਚਣਾ ਪਏਗਾ।

ਮੇਰਾ ਅਭਿਮਾਨ ਵਾਲਾ ਸੁਭਾ ਮੈਨੂੰ ਨਾਸਤਕ ਬਣਾਉਣ ਦਾ ਕਾਰਨ ਨਹੀਂ ਹੋ ਸਕਦਾ। ਨਿਸਚੇ ਹੀ ਇਸਦਾ ਫੈਸਲਾ ਮੈਂ ਨਹੀਂ ਸਗੋਂ ਮੇਰੇ ਪਾਠਕਾਂ ਨੇ ਕਰਨਾ ਹੈ। ਮੇਰੇ ਵਰਗੀ ਹਾਲਤ ਵਿਚ ਰੱਬ ਵਿਚ ਵਿਸ਼ਵਾਸ ਕਿਸੇ ਸ਼ਖਸ ਨੂੰ ਧਰਵਾਸ ਤੇ ਰਾਹਤ ਹੀ ਦੇ ਸਕਦਾ ਹੈ। ਨਾਸਤਕਤਾ ਤਾਂ ਉਹਦੀ ਹਾਲਤ ਵਧੇਰੇ ਨਾ-ਜਰਨ ਯੋਗ, ਖਰਾਬ, ਤਲਖ ਤੇ ਬਿਪਤਾ-ਮਈ ਬਣਾ ਦੇਵੇਗੀ। ਜੇ ਮੈਂ ਰੱਬ ਨੂੰ ਮੰਨਣ ਵਾਲਾ ਹੁੰਦਾ, ਤਾਂ ਮੇਰੀ ਜ਼ਿੰਦਗੀ ਮਹਾਨ ਨਾਇਕ ਦੀ ਜ਼ਿੰਦਗੀ ਵਰਗੀ ਵਧੇਰੇ ਰੋਮਾਂਟਿਕ ਹੋਣੀ ਸੀ, ਭਾਵੇਂ ਇਸ ਵਿਚ ਤੁਅੱਸਬ ਦਾ ਕੁਝ ਅੰਸ਼ ਹੋਣਾ ਸੀ। ਪਰ ਆਪਣੇ ਅੰਤ ਦੀ ਪੀੜ ਨੂੰ ਮਾਰਨ ਲਈ ਮੈਂ ਕਿਸੇ ਕਿਸਮ ਦੀ ਅਫੀਮ ਨਾ ਲੈਣ ਦਾ ਪੱਕਾ ਇਰਾਦਾ ਕੀਤਾ ਹੋਇਆ ਸੀ। ਮੈਂ ਯਥਾਰਥਵਾਦੀ ਸਾਂ। ਮੈਂ ਆਪਣੀ ਤਰਕਸ਼ੀਲਤਾ ਦੀ ਮਦਦ ਨਾਲ ਆਪਣੇ ਜਜ਼ਬਿਆਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਇਸ ਕੋਸ਼ਿਸ਼ ਵਿਚ ਮੈਂ ਹਮੇਸ਼ਾਂ ਕਾਮਯਾਬ ਨਹੀਂ ਹੁੰਦਾ ਰਿਹਾ, ਪਰ ਸਦਾ ਕੋਸ਼ਿਸ਼ ਕਰਦੇ ਰਹਿਣਾ ਮਨੁੱਖ ਦਾ ਫਰਜ਼ ਹੈ। ਕਾਮਯਾਬੀ ਜਾਂ ਨਾ-ਕਾਮਯਾਬੀ ਹਾਲਤ ਜਾਂ ਮੌਕਿਆਂ ਉਤੇ ਨਿਰਭਰ ਹੁੰਦੀ ਹੈ।

(ਅਨੁਵਾਦਕ : ਅਮਰਜੀਤ ਚੰਦਨ)


DO YOU NEED PLUMBING OR
ELECTRICAL SUPPLIES AND SERVICE FOR
NEW HOMES OR FOR RENOVATIONS

WE DO NEW HOME PLUMBING ALSO
CONTACT:

PAUL'S
PLUMBING &
ELECTRICAL
SUPPLY



4774 Main Street, (At 32nd.)
Vancouver, B.C.
PH: 872-3118 (Supply)
872-7227 (Service)
"Free customer parking at rear" OPEN SUNDAYS


(ਪੰਨਾ 5 ਦੀ ਬਾਕੀ)

ਟਰਾਂਸਮੀਟਰ ਲਾਕੇ ਲਾਗੂ ਕਰ ਦਿਤਾ ਜਾਵੇਗਾ।

ਇਹ ਵੀ ਪਤਾ ਲਗਾ ਹੈ ਕਿ ਇਹਨਾਂ ਦਿਨਾਂ ਵਿਚ ਪ੍ਰਧਾਨ ਮੰਤਰੀ ਦੇਸ਼ ਵਿਚ ਰਾਜ ਕਰਨ ਲਈ ਪ੍ਰਧਾਨਗੀ ਢਾਂਚੇ ਦੇ ਵਿਸ਼ੇ ਤੇ ਵੀ ਵਿਚਾਰ ਕਰ ਰਹੇ ਹਨ ਤਾਂਕਿ ਇਸਦੇ ਚੰਗੇ ਮਾੜੇ ਸਿਟਿਆਂ ਦਾ ਪੂਰਨ ਅਨੁਮਾਨ ਲਗਾਇਆ ਜਾ ਸਕੇ। ਇਸੇ ਲਈ ਪ੍ਰਧਾਨ ਮੰਤਰੀ ਚਾਹੁੰਦੇ ਹਨ ਕਿ ਜੇਕਰ ਰਾਜ ਦੀ ਵਾਗਡੋਰ ਕਿਸੇ ਖੇਤਰੀ ਪਾਰਟੀ ਨੂੰ ਦੇਕੇ ਉਨ੍ਹਾਂ ਨੂੰ ਪਾਰਲੀਮੈਂਟ ਦੀ ਦੋਨਾਂ ਸਦਨਾਂ ਵਿਚ ਬਹੁ-ਗਿਣਤੀ ਹੋਰ ਮਜ਼ਬੂਤ ਹੁੰਦੀ ਹੈ ਤਾਂ ਉਹਨਾਂ ਨੂੰ ਅਜਿਹੇ ਸਿਆਸੀ ਸੌਦੇ ਲਾਹੇਵੰਦ ਹਨ। ਅਕਾਲੀਆਂ ਨਾਲ ਸੰਧੀ ਹੋਣ ਤੇ ਉਹਨਾਂ ਨੂੰ ਲੋਕ ਸਭਾ ਦੀਆਂ 13 ਅਤੇ ਰਾਜ ਸਭਾ ਦੀਆਂ 4 ਸੀਟਾਂ ਪ੍ਰਾਪਤ ਹੁੰਦੀਆਂ ਹਨ

ਪਤਾ ਲੱਗਾ ਹੈ ਕਿ ਅਜਿਹੇ ਸਮਝੌਤੇ ਲਈ ਜਿਥੇ ਕੇਂਦਰ ਦਾ ਇਕ ਸਿੱਖ ਮੰਤਰੀ ਸਰਗਰਮ ਹੈ ਉਸ ਦੇ ਨਾਲ ਹੀ ਅਕਾਲੀ ਦਲ ਦੇ ਕਈ ਸੀਨੀਅਰ ਅਕਾਲੀ ਵਿਧਾਇਕ ਜਿਨ੍ਹਾਂ ਦੀ ਗਿਣਤੀ ਇਕ ਦਰਜਨ ਦੇ ਲਗਭਗ ਹੈ ਕੇਂਦਰ ਨਾਲ ਬਾਇਜ਼ਤ ਸਮਝੌਤਾ ਕਰਨ ਦੇ ਸਿਰਤੋੜ ਯਤਨਾਂ ਵਿਚ ਹਨ ਤੇ ਅਜਿਹਾ ਨਾ ਹੋਣ ਤੇ ਉਹ ਅਕਾਲੀ ਹਾਈ ਕਮਾਂਡ ਤੋਂ ਬਾਗੀ ਹੋਕੇ ਅਜਿਹਾ ਐਕਸ਼ਨ ਲੈਣ ਲਈ ਤਿਆਰ ਹਨ।

ਇਹ ਵੀ ਪਤਾ ਲਗਾ ਹੈ ਕਿ ਪ੍ਰਧਾਨ ਮੰਤਰੀ ਅਪਰੈਲ ਮਹੀਨੇ ਦੇ ਅੰਤ ਵਿਚ ਪਾਰਲੀਮੈਂਟ ਅਤੇ ਮਈ ਜਾਂ ਜੂਨ ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਕਰਾਉਣ ਦਾ ਅਚਾਨਕ ਐਲਾਨ ਕਰ ਸਕਦੇ ਹਨ.


ਜਾਪਾਨ ਸਾੜ੍ਹੀ ਹਾਊਸ
ਕੈਲਗਰੀ ਵਿਚ

ਵਧੀਆ ਕਪੜਾ—ਵਾਜਬ ਭਾਅ
ਪੰਜਾਬੀ ਸੂਟਾਂ, ਸਾੜ੍ਹੀਆਂ ਤੇ ਹੋਰ ਫੈਬਰਿਕਸ
ਲਈ ਜਾਪਾਨ ਸਾੜ੍ਹੀ ਹਾਊਸ ਪਹੁੰਚੋ
ਪੰਜਾਬੀ ਸੂਟ ਦੁਪੱਟੇ ਸਮੇਤ
ਵਧੀਆ ਚੋਣ ਲਈ ਇਕੋ ਇਕ ਦੁਕਾਨ
ਹਫਤੇ ਦੇ ਸੱਤੇ ਦਿਨ ਖੁਲ੍ਹੀ ਰਹਿੰਦੀ ਹੈ

2, 4602 - 17th Ave. S.E. Calgary, ALTA
Ph.(403)273-6905


ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?
ਕ੍ਰਿਪਾ ਕਰਕੇ ਸਾਨੂੰ ਜ਼ਰੂਰ ਦੱਸੋ।

ਚਿਟ ਨੰਬਰ----------------------------
ਪੁਰਾਣਾ ਪਤਾ----------------------------
----------------------------
----------------------------
----------------------------
ਨਵਾਂ ਪਤਾ ਸਟਰੀਟ/ਐਵੇਨਿਊ----------------------------
ਟਾਊਨ----------------------------
ਸਟੇਟ----------------------------
ਪੋਸਟਲ ਕੋਡ----------------------------
ਫੋਨ ਨੰਬਰ----------------------------

'ਕੈਨੇਡਾ ਦਰਪਣ' ਦੇ
ਚੰਦੇ ਦਾ ਫ਼ਾਰਮ
## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1
Phone (604)321-6360

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name.........................................
Address.........................................
City.........................................
Province.........................................
Postal code.........................................
PHONE.

| | |
|---|---|
| One Year | 20 dollars |
| Two Year | 35 dollars |
| Three year | 50 dollars |
| Life membership | 200 dollars |
| ASIA | 80 dollars(a year) |
| U.S.A. | 25 dollars(a year) |
| Europe | 80 dollars(a year) |
| Africa | 80 dollars(a year) |

ਕੈਨੇਡਾ ਦਰਪਣ

## ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਇੰਦਰਾ ਗਾਂਧੀ ਦੇ ਤਸ਼ੱਦਦ ਅਤੇ ਫਿਰਕੂ ਹਿੰਸਾ ਵਿਰੁੱਧ ਪੰਜਾਬੀ ਮਾਰਕੀਟ ਵਿਚ ਮੁਜ਼ਾਹਰਾ ਅਤੇ ਲੋਕ ਰੈਲੀ

18 ਮਾਰਚ ਤਿੰਨ ਵਜੇ ਈਸਟ ਇੰਡੀਅਨ ਡੀਫੈਂਸ ਕਮੇਟੀ, ਪੀਪਲਜ਼ ਫਰੰਟ ਅਤੇ ਕਨੇਡਾ ਦੀ ਕਮਿਊਨਿਸਟ ਪਾਰਟੀ(ਮਾਰਕਸਵਾਦੀ-ਲੈਨਿਨਵਾਦੀ) ਦੇ 200 ਤੋਂ ਵੱਧ ਮੈਂਬਰਾਂ ਅਤੇ ਹਮਾਇਤੀਆਂ ਨੇ ਪੰਜਾਬੀ ਮਾਰਕੀਟ ਵਿਚ ਇੰਦਰਾ ਗਾਂਧੀ ਦੇ ਤਸ਼ੱਦਦ ਅਤੇ ਫਿਰਕੂ ਹਿੰਸਾ ਵਿਰੁੱਧ ਇਕ ਖਾੜਕੂ ਮੁਜ਼ਾਹਰਾ ਕੀਤਾ । ਇਹ ਇਨਕਲਾਬੀ ਐਕਸ਼ਨ ਹਫਤਾ ਭਰ ਵੈਨਕੂਵਰ ਵਿਚ ਇੰਡੀਅਨ ਕੌਂਸਲੇਟ ਦੇ ਦਫਤਰ ਮੂਹਰੇ ਲਗਾਈ ਪਿਕਟ ਜਿਸ ਵਿਚ ਇੰਦਰਾ ਗਾਂਧੀ ਦੇ ਤਸ਼ੱਦਦ ਦੀ ਨਿਖੇਧੀ ਕੀਤੀ ਗਈ ਅਤੇ ਪੰਜਾਬ ਵਿਚ ਸਪੈਸ਼ਲ ਪੁਲਸ ਅਤੇ ਫੌਜ ਨੂੰ ਬਾਹਰ ਕੱਢਣ ਅਤੇ ਫਿਰਕੂ ਹਿੰਸਾ ਲਈ ਜ਼ਿੰਮੇਵਾਰ ਅਨਸਰਾਂ ਨੂੰ ਸਜ਼ਾ ਦੇਣ ਲਈ ਮੰਗ ਕੀਤੀ ਗਈ। ਅਤੇ ਲੋਕ ਜਮਹੂਰੀ ਹਿੰਦੁਸਤਾਨ ਬਣਾਉਣ ਲਈ ਲੋਕਾਂ ਦਾ ਸਾਂਝਾ ਫਰੰਟ ਬਨਾਉਣ ਲਈ ਅਪੀਲ ਕੀਤੀ ਗਈ ।

ਐਤਵਾਰ ਨੂੰ ਪੰਜਾਬੀ ਮਾਰਕੀਟ ਵਿਚ ਹੋਏ ਇਸ ਮੁਜ਼ਾਹਰੇ ਨੂੰ ਸੈਂਕੜੇ ਹਿੰਦੁਸਤਾਨੀਆਂ ਨੇ, ਜੋ ਪੰਜਾਬੀ ਮਾਰਕੀਟ ਵਿਚ ਸਨ, ਉਚਿਆਂ ਲਹਿਰਾਇਆ ਅਤੇ ਇਸਦੀ ਡੱਟਵੀਂ ਹਮਾਇਤ ਕੀਤੀ। ਪੰਜਾਬੀ ਮਾਰਕੀਟ ਵਿਚ ਖੜੇ ਬਹੁਤ ਸਾਰੇ ਜਮਹੂਰੀਅਤ ਪਸੰਦ ਲੋਕਾਂ ਨੇ ਮੁਜ਼ਾਹਰੇ ਵਿਚ ਹਿੰਸਾ ਵੀ ਲਿਆ। 20 ਬੱਚਿਆਂ ਦਾ ਕਾਫਲਾ ਮੁਜ਼ਾਹਰੇ ਦੀ ਅਗਵਾਈ ਕਰ ਰਿਹਾ ਸੀ ਜਿਨਾਂ ਦੇ ਹੱਥਾਂ ਵਿਚ ਪਲੈਕਰਡ ਚੱਕੇ ਹੋਏ ਸਨ। ਇਕ ਵੱਡੇ ਲਾਲ ਬੈਨਰ ਤੇ ਪੀਲੇ ਅੱਖਰਾਂ ਵਿਚ "ਇੰਦਰਾ ਦਾ ਹਿੰਦੋਸਤਾਨੀ ਲੋਕਾਂ ਵਿਰੁਧ ਤਸ਼ੱਦਦ ਅਤੇ ਫਿਰਕੂ ਹਿੰਸਾ ਦਾ ਵਿਰੋਧ ਕਰੋ" ਲਿਖਿਆ ਹੋਇਆ ਸੀ । ਮੁਜ਼ਾਹਰਾਕਾਰੀ ਉਚੀ ਨਾਹਰੇ ਮਾਰ ਰਹੇ ਸਨ ਕਿ "ਇੰਦਰਾ ਦੀ ਫਿਰਕੂ ਹਿੰਸਾ-ਮੁਰਦਾਬਾਦ", "ਪੰਜਾਬ ਵਿਚੋਂ ਫੌਜ ਨੂੰ ਬਾਹਰ ਕੱਢੋ", "ਪੰਜਾਬ ਵਿਚੋਂ ਸਪੈਸ਼ਲ ਪੁਲਸ ਨੂੰ ਬਾਹਰ ਕੱਢੋ", "ਇੰਦਰਾ ਗਾਂਧੀ ਦੇ ਤਸ਼ੱਦਦ ਵਿਰੁੱਧ ਸਾਂਝਾ ਲੋਕ ਫਰੰਟ ਬਣਾਉ", "ਲੋਕ ਜਮਹੂਰੀ ਹਿੰਦੁਸਤਾਨ ਲਈ ਜਦੋ ਜਹਿਦ ਕਰੋ", "ਇਨਕਲਾਬ ਜਿੰਦਾਬਾਦ", "ਸਾਡੇ ਲੋਕਾਂ ਦੀ ਏਕਤਾ - ਜਿੰਦਾਬਾਦ", ਆਦਿ। ਫਿਰ ਇਕੱਠੇ ਹੋਣ ਜਿਥੇ ਇਸ ਬਾਹਰੀ ਰੈਲੀ ਨੂੰ ਈਸਟ ਇੰਡੀਅਨ ਡੀਫੈਂਸ ਕਮੇਟੀ ਅਤੇ ਪੀਪਲਜ਼ ਫਰੰਟ ਦੇ ਬੁਲਾਰਿਆਂ ਨੇ ਸੰਬੋਧਨ ਕੀਤਾ ਜਿਸ ਵਿਚ ਉਨ੍ਹਾਂ ਲੋਕਾਂ ਨੂੰ ਫਿਰਕੂ ਹਿੰਸਾ ਦੀ ਜੜ੍ਹ, ਹਿੰਦੁਸਤਾਨ ਦੇ ਵੱਡੇ ਜਗੀਰਦਾਰਾਂ ਅਤੇ ਸਰਮਾਏਦਾਰਾਂ ਦੀ ਹਕੂਮਤ ਵਿਰੁੱਧ ਘੋਲ ਕਰਨ ਲਈ ਕਿਹਾ ।

ਪੂਰੀ ਤਰ੍ਹਾਂ ਜਥੇਬੰਦ ਇਸ ਖਾੜਕੂ ਮੁਜ਼ਾਹਰੇ, ਜਿਸਨੂੰ ਲੋਕਾਂ ਦੀ ਭਾਰੀ ਹਮਾਇਤ ਹਾਂਸਲ ਸੀ, ਤੇ ਕਨੇਡਾ ਦੀ ਰਾਜਨੀਤਕ ਪੁਲਸ, ਜੋ ਇਥੇ ਦੇ ਸਰਮਾਏਦਾਰਾਂ ਦੀ ਰਖਵਾਲੀ ਹੈ, ਸ਼ਰੇਆਮ ਹਮਲਾ ਤਾਂ ਨਹੀਂ ਕਰ ਸਕੀ ਪਰ ਆਪਣੀ ਕਮੀਨਗੀ ਤੋਂ ਬਾਜ਼ ਨਹੀਂ ਆਈ । ਪੁਲਸ ਨੇ ਇਕ ਵੈਨ ਦੇ ਹਿੰਦੁਸਤਾਨੀ ਡਰਾਈਵਰ ਨੂੰ, ਜਿਸ ਤੇ ਚੜ੍ਹ ਕੇ ਬੁਲਾਰੇ ਬਾਹਰੀ ਰੈਲੀ ਨੂੰ ਸੰਬੋਧਨ ਕਰ ਰਹੇ ਸਨ, "ਟਰੈਫਿਕ ਜਾਮ" ਕਰਨ ਦੇ ਬਹਾਨੇ ਹੇਠ ਇਕ ਟਿਕਟ ਦੇ ਦਿੱਤਾ । ਪੁਲਸ ਦੀ ਇਹ ਕਮੀਨੀ ਨਸਲੀ ਹਰਕਤ ਇਸ ਝੂਠ ਨੂੰ ਸਾਫ ਕਰਦੀ ਹੈ ਕਿ ਪੁਲਸ "ਨਿਰਪੱਖ" ਅਤੇ 'ਨਾਰਾਜਨੀਤਕ' ਹੈ । ਇਸ ਹਾਲ ਦੀ ਅਗਵਾਈ ਸੈਂਕੜੇ ਮੁਜ਼ਾਹਰਾਕਾਰੀ ਅਤੇ ਹੋਰ ਲੋਕ ਭਰ ਸਕਦੇ ਹਨ ਕਿ ਵੈਨ ਕਿਸੇ ਵੀ ਤਰੀਕੇ ਨਾਲ "ਟਰੈਫਿਕ ਜਾਮ" ਕਰਨਾ ਤਾਂ ਇਕ ਪਾਸੇ, ਜਰਾ ਵੀ ਮੇਨ ਸਟਰੀਟ ਦੇ ਟਰੈਫਿਕ ਨੂੰ ਕੋਈ ਵੀ ਰੁਕਾਵਟ ਨਹੀਂ ਪਾ ਰਹੀ ਸੀ।

ਰੈਲੀ ਤੋਂ ਬਾਅਦ ਮੁਜ਼ਾਹਰਾਕਾਰੀ ਪੰਜਾਬੀ ਮਾਰਕੀਟ ਤੋਂ ਹੁੰਦੇ ਹੋਏ ਦੇਸ਼ ਭਗਤ ਟੈਂਪਲ ਵਿਚ ਆਏ ਜਿੱਥੇ ਸਾਥੀ ਹਰਦਿਆਲ ਬੈਂਸ, ਕਨੇਡਾ ਦੀ ਕਮਿਊਨਿਸਟ ਪਾਰਟੀ(ਮਾਰਕਸਵਾਦੀ ਲੈਨਿਨਵਾਦੀ) ਦੀ ਕੇਂਦਰੀ ਕਮੇਟੀ ਦੇ ਮੁੱਖ ਸਕੱਤਰ ਨੇ 300 ਤੋਂ ਵੱਧ ਲੋਕਾਂ ਦੀ ਰੈਲੀ ਨੂੰ ਸੰਬੋਧਨ ਕੀਤਾ। ਸਾਥੀ ਬੈਂਸ ਨੇ ਹਾਲਤ ਦਾ ਨਿਰਣਾ ਕਰਦੇ ਹੋਏ ਕਿਹਾ ਕਿ ਇੰਦਰਾ ਗਾਂਧੀ ਦੀ ਵੱਡੇ ਜਗੀਰਦਾਰਾਂ ਅਤੇ ਸਰਮਾਏਦਾਰਾਂ ਦੀ ਹਕੂਮਤ ਹੀ ਫਿਰਕੂ ਹਿੰਸਾ ਅਤੇ ਤਸ਼ੱਦਦ ਦੀ ਜੜ੍ਹ ਹੈ। ਉਨ੍ਹਾਂ ਹਕੂਮਤ ਦਾ ਤਸ਼ੱਦਦ ਬੰਦ ਕਰਨ ਲਈ ਅਤੇ ਲੋਕ ਜਮਹੂਰੀ ਹਿੰਦੁਸਤਾਨ ਲਈ ਸਾਂਝਾ ਲੋਕ ਫਰੰਟ ਬਣਾਉਣ ਬਾਰੇ ਐਕਸ਼ਨ ਭਰਿਆ ਪਰੋਗਰਾਮ ਉਲੀਕਿਆ । ਸਾਥੀ ਬੈਂਸ ਨੇ ਆਪਣੀ ਤਕਰੀਰ ਵਿਚ ਕਿਹਾ ਕਿ ਹਿੰਦੁਸਤਾਨੀ ਲੋਕਾਂ ਦਾ ਘੋਲ ਜਮਾਤੀ ਲੁੱਟ-ਖਸੁੱਟ ਅਤੇ ਕੌਮੀ ਦਾਬੇ ਵਿਰੁੱਧ ਘੋਲ ਹੈ ਅਤੇ ਇਸ ਘੋਲ ਨੂੰ ਖਤਮ ਕਰਨ ਲਈ ਇੰਦਰਾ ਹਕੂਮਤ ਫਿਰਕੂ ਹਿੰਸਾ ਵਰਗੀਆਂ ਕਮੀਨੀਆਂ ਕਾਰਵਾਈਆਂ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਸਭ ਬੀਮਾਰੀਆਂ ਦੀ ਜੜ੍ਹ ਵੱਡੇ ਜਗੀਰਦਾਰਾਂ ਅਤੇ ਸਰਮਾਏਦਾਰਾਂ ਦਾ ਢਾਂਚੇ ਦਾ ਤਹਿਸ ਨਹਿਸ ਕੀਤੇ ਬਿਨਾਂ ਫਿਰਕੂ ਹਿੰਸਾ ਵਰਗੀਆਂ ਕਾਰਵਾਈਆਂ ਖਤਮ ਨਹੀਂ ਕੀਤੀਆਂ ਜਾ ਸਕਦੀਆਂ । ਹਿੰਦੁਸਤਾਨ ਦੇ ਮਜ਼ਦੂਰ, ਕਿਰਸਾਨ ਅਤੇ ਹੋਰ ਜਮਹੂਰੀਅਤ ਪਸੰਦ ਲੋਕ ਹੀ ਇਸ ਜ਼ਾਬਰ ਲੋਟੂ ਢਾਂਚੇ ਦਾ ਖਾਤਮਾ ਕਰ ਸਕਦੇ ਹਨ । ਉਨ੍ਹਾਂ ਅਕਾਲੀਆਂ ਵਲੋਂ ਸੰਵਿਧਾਨ ਦੀ 25ਵੀਂ ਧਾਰਾ ਨੂੰ ਅੱਗ ਲਾਉਣ ਦੀ ਪਾਖੰਡਬਾਜ਼ੀ ਦਾ ਪਾਜ਼ ਉਦੇੜਦੇ ਹੋਏ ਕਿਹਾ ਕਿ ਹਿੰਦੁਸਤਾਨ ਦਾ ਸਾਰੇ ਸਾਰਾ ਸੰਵਿਧਾਨ ਜੋ ਲੋਕ ਵਿਰੋਧੀ ਸੰਵਿਧਾਨ ਹੈ ਅਤੇ ਹਿੰਦੁਸਤਾਨ ਦਾ ਸਾਰਾ ਢਾਂਚਾ, ਉਥੋਂ ਦੀ ਫੌਜ, ਪੁਲਸ ਅਤੇ ਸਿਵਲ ਸਰਵਿਸ ਆਦਿ, ਹੀ ਖਤਮ ਕੀਤਾ ਜਾਵੇ ਜਿਸ ਵਿਚ ਹਿੰਦੁਸਤਾਨ ਦੇ ਲੋਕ ਲੁੱਟ-ਖਸੁੱਟ ਅਤੇ ਜ਼ਬਰ ਤੋਂ ਬਿਨ੍ਹਾਂ ਇਕ ਖੁਸ਼ਹਾਲ ਜਿੰਦਗੀ ਜੀਉਣ । ਇਸ ਗਲ ਸੜ ਚੁੱਕੇ ਢਾਂਚੇ ਦਾ ਤਹਿਸ ਲਹਿਸ ਕਰਕੇ ਲੋਕ ਜਮਹੂਰੀ ਹਿੰਦੁਸਤਾਨ ਬਣਾਉਣ ਲਈ ਸਭ ਨੂੰ ਸਾਂਝੇ ਲੋਕ ਫਰੰਟ ਵਿਚ ਇਕੱਠੇ ਹੋਣਾ ਚਾਹੀਦਾ ਹੈ ਤਾਂ ਕਿ ਸ਼ਹੀਦ ਭਗਤ ਸਿੰਘ ਵਲੋਂ 1931 ਨੂੰ ਕਹੇ ਸ਼ਬਦ ਕਿ "ਚਾਹੇ ਹਕੂਮਤ ਬਰਤਾਨੀਆਂ ਦੇ ਸਰਮਾਏਦਾਰਾਂ ਦੇ ਹੱਥ ਵਿਚ ਹੈ ਜਾਂ ਹਿੰਦੁਸਤਾਨ ਦੇ ਸਰਮਾਏਦਾਰਾਂ ਦੇ ਹੱਥ ਵਿਚ, ਇਸ ਨਾਲ ਮਿਹਨਤਕਸ਼ ਲੋਕਾਂ ਨੂੰ ਵੀ ਕੋਈ ਫਰਕ ਨਹੀਂ ਪੈਣਾ। ਹਿੰਦੁਸਤਾਨ ਨੂੰ ਇਕ ਮਾਰਕਸਵਾਦੀ ਇਨਕਲਾਬ ਦੀ ਲੋੜ ਹੈ" ਨੂੰ ਪੂਰਿਆਂ ਕੀਤਾ ਜਾਏ ।

ਸਾਥੀ ਹਰਦਿਆਲ ਬੈਂਸ ਦੀ ਤਕਰੀਰ ਦਾ ਰੈਲੀ ਵਿਚ ਹਿੰਸਾ ਲੈ ਰਹੇ ਲੋਕਾਂ ਨੇ ਖੜੇ ਹੋ ਤਾੜੀਆਂ ਨਾਲ ਨਿੱਘਾ ਸੁਆਗਤ ਕੀਤਾ । ਉਨ੍ਹਾਂ ਦੀ ਤਕਰੀਰ ਨੂੰ ਕਈ ਮੌਕਿਆਂ ਤੇ ਤਾੜੀਆਂ ਦੀ ਗੂੰਜ ਨੇ ਭੰਗ ਕੀਤਾ। 3 ਮਾਰਚ ਨੂੰ ਹੋਈ ਮੀਟਿੰਗ ਤੋਂ ਬਾਅਦ ਇੰਡੀਅਨ ਕੌਂਸਲੇਟ ਦੇ ਦਫਤਰ ਮੂਹਰੇ ਲਗਾਤਾਰ ਇਕ ਹਫਤਾ ਪਿਕਟ ਲਾਉਣ ਨਾਲ ਅਤੇ ਖਾੜਕੂ ਮੁਜ਼ਾਹਰਾ ਅਤੇ 18 ਮਾਰਚ ਨੂੰ ਹੋਈ ਪਬਲਿਕ ਰੈਲੀ ਨੇ ਹਿੰਦੁਸਤਾਨੀ ਦੇਸ਼ ਭਗਤਾਂ ਦੀ ਕਮਿਊਨਿਟੀ ਵਿਚ ਇਸ ਬਹੁਤ ਹੀ ਗੰਭੀਰ ਮਸਲੇ ਬਾਰੇ ਜਾਗਰਤਾ ਲਿਆਂਦੀ ਹੈ ਅਤੇ ਲੋਕ ਘੋਲ ਨੂੰ ਪੁਆੜੇ ਦੀ ਜੜ੍ਹ ਵੱਡੇ ਜਗੀਰਦਾਰਾਂ ਅਤੇ ਸਰਮਾਏਦਾਰਾਂ ਦੀ ਇੰਦਰਾ ਹਕੂਮਤ ਵਿਰੁੱਧ ਜਥੇਬੰਦ ਕੀਤਾ ਹੈ । ਇਸ ਨੇ ਹਿੰਦੁਸਤਾਨ ਦੇ ਜਮਹੂਰੀਅਤ ਪਸੰਦ ਦੇਸ਼ ਭਗਤ ਲੋਕਾਂ, ਮਜ਼ਦੂਰਾਂ ਅਤੇ ਕਿਸਾਨਾਂ ਦੇ ਸਾਂਝੇ ਦੁਸ਼ਮਣ ਇੰਦਰਾ ਹਕੂਮਤ, ਜੋ ਕਿ ਵੱਡੇ ਜਗੀਰਦਾਰਾਂ ਅਤੇ ਸਰਮਾਏਦਾਰਾਂ ਦੀ ਹਕੂਮਤ ਹੈ, ਵਿਰੁੱਧ ਘੋਲ ਲੜਨ ਲਈ ਰਾਹ ਖੋਲ੍ਹਿਆ ਹੈ । ਹਿੰਦੁਸਤਾਨ ਦੇ ਲੋਟੂ ਢਾਂਚੇ ਵਿਰੁੱਧ ਜੂਝਦੇ ਮਜ਼ਦੂਰਾਂ ਅਤੇ ਕਿਸਾਨਾਂ ਦੇ ਘੋਲਾਂ ਦੀ ਡੱਟਵੀਂ ਹਮਾਇਤੀ ਕਰਨ ਲਈ ਈਸਟ ਇੰਡੀਅਨ ਡੀਫੈਂਸ ਕਮੇਟੀ ਉਥੇ ਦੇ ਤਿੰਨ ਲੱਖ ਤੋਂ ਵੱਧ ਬੰਦਰਗਾਹਾਂ ਦੇ ਕਾਮਿਆਂ ਵਲੋਂ ਕੀਤੀ ਜਾ ਰਹੀ ਹੜਤਾਲ ਦੀ ਪੁਰ ਜ਼ੋਰ ਹਮਾਇਤ ਕਰਦੀ ਹੋਈ, ਇਸ ਹੱਕ ਵਿਚ ਮੀਟਿੰਗਾਂ ਅਤੇ ਮੁਜ਼ਾਹਰੇ ਲਾਮਬੰਦ ਕਰੇਗੀ । ਇਹ ਹਿੰਦੁਸਤਾਨ ਦੀ ਮਜ਼ਦੂਰ ਜਮਾਤ ਅਤੇ ਇਸਦੀ ਸਿਆਸੀ ਪਾਰਟੀ ਹਿੰਦੁਸਤਾਨੀ ਕਮਿਊਨਿਸਟ ਗਦਰ ਪਾਰਟੀ ਹੀ ਹੈ ਜੋ ਹਿੰਦੁਸਤਾਨ ਦੀਆਂ ਲੁੱਟ ਹੋ ਰਹੀਆਂ ਸਭ ਜਮਾਤਾਂ ਅਤੇ ਕੌਮਾਂ ਦੀ ਸਾਂਝੇ ਦੁਸ਼ਮਣ ਵਿਰੁੱਧ ਅਗਵਾਈ ਕਰ ਸਕਦੀ ਹੈ ਅਤੇ ਲੋਕ ਜਮਹੂਰੀ ਹਿੰਦੁਸਤਾਨ ਬਣਾ ਸਕਦੀ ਹੈ ।

## ਅਕਾਲੀ ਸਿੰਘ ਸਿੱਖ ਸੁਸਾਇਟੀ ਦੀਆਂ ਸੰਗਤਾਂ ਵਲੋਂ ਸਿੱਖਾਂ ਦੇ ਕਤਲਾਂ ਦੀ ਨਿਖੇਧੀ

ਵੈਨਕੂਵਰ — ਅਕਾਲੀ ਸਿੰਘ ਸਿੱਖ ਸੁਸਾਇਟੀ ਵੈਨਕੂਵਰ ਦੀਆਂ ਸੰਗਤਾਂ ਵਲੋਂ ਇਕ ਖਾਸ ਮਤਾ ਪਾਸ ਕਰਕੇ ਸ੍ਰੀਮਤੀ ਇੰਦਰਾ ਗਾਂਧੀ ਨੂੰ ਭੇਜਿਆ ਗਿਆ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਸੰਗਤਾਂ ਪੰਜਾਬ ਅਤੇ ਗਵਾਂਢੀ ਸੂਬਿਆਂ ਵਿਚ ਸਿੱਖਾਂ ਦੇ ਕੀਤੇ ਗਏ ਕਤਲਾਂ ਦੀ ਸਖਤ ਨਿਖੇਧੀ ਕਰਦੀਆਂ ਹਨ । ਮਤੇ ਵਿਚ ਹਰਿਆਣੇ ਵਿਚ ਨਿਰਦੋਸ਼ ਸਿੱਖਾਂ ਦੇ ਕਕਾਰਾਂ ਦੀ ਬੇਹੁਰਮਤੀ ਅਤੇ ਸਿਖ ਗੁਰਦੁਆਰਿਆਂ ਨੂੰ ਅੱਗਾਂ ਲਾਉਣ ਦੀਆਂ ਘਟਨਾਵਾਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਸ੍ਰੀਮਤੀ ਇੰਦਰਾ ਗਾਂਧੀ ਦੀ ਸਰਕਾਰ ਨੂੰ ਇਨ੍ਹਾਂ ਸਭ ਕਾਰਵਾਈਆਂ ਦੀ ਜ਼ਿੰਮੇਂਵਾਰ ਠਹਿਰਾਇਆ ਹੈ।

ਮਤੇ ਵਿਚ ਕਿਹਾ ਗਿਆ ਹੈ ਕਿ ਸਭ ਸੰਗਤਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਨੂੰ ਸਵੀਕਾਰ ਕਰਦੀਆਂ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਮਦਦ ਤੇ ਹਨ। ਮਤੇ ਵਿਚ ਹਿੰਦੂ ਸਿੱਖ ਏਕਤਾ ਦਾ ਵੀ ਸਮਰਥਨ ਕੀਤਾ ਗਿਆ ਹੈ ।

## ਸੋਵੀਅਤ ਪ੍ਰਧਾਨ ਦੀ ਚੋਣ 11 ਅਪਰੈਲ ਨੂੰ

ਮਾਸਕੋ — ਨਵੀਂ ਚੁਣੀ ਗਈ ਸੋਵੀਅਤ ਪਾਰਲੀਮੈਂਟ ਸੁਪਰੀਮ ਸੋਵੀਅਤ 11 ਅਪਰੈਲ ਨੂੰ ਦੇਸ਼ ਦੇ ਪ੍ਰਧਾਨ ਅਤੇ ਪ੍ਰਧਾਨਗੀ ਮੰਡਲ ਦੀ ਚੋਣ ਕਰ ਰਹੀ ਹੈ


# OPENING SOON SUPREME PIZZA

## ਵਿਕਟੋਰੀਆ ਡਰਾਈਵ ਤੇ ਖੁਲ੍ਹ ਰਿਹਾ ਹੈ

# ਸੁਪਰੀਮ ਪੀਜ਼ਾ

## ਪੀਜ਼ਾ ਕੁੱਕ ਦੀ ਜ਼ਰੂਰਤ

ਸੁਪਰੀਮ ਪੀਜ਼ਾ ਲਈ ਤਜਰਬੇਕਾਰ ਕੁੱਕ ਦੀ ਜ਼ਰੂਰਤ ਹੈ ਜੋ ਪੀਜ਼ਾ ਬਨਾਉਣ ਵਿਚ ਮਾਹਿਰ ਹੋਵੇ। ਇਟੈਲੀਅਨ ਅਤੇ ਗਰੀਕ ਪੀਜ਼ਾ ਵੀ ਬਣਾ ਸਕੇ। ਮਰਦ ਅਤੇ ਔਰਤ ਦੋਵੇਂ ਹੀ ਅਪਲਾਈ ਕਰ ਸਕਦੇ ਹਨ

ਫ਼ੋਨ : 324-5215

6539, VICTORIA DRIVE,
VANCOUVER, B.C.

Ph. 324-2515

THE CANADA DARPAN
P.O.BOX 67344 STN. 'O'
Vancouver, B.C. V5W 3T1
Chief Editor(Hon.) : DARSHAN GILL
Editor : HARBHAJAN SINGH DEOL
PHONE : (604)321-6360
All Officeholders of CANADA DARPAN are honorary associates

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।



ਸੰਪਾਦਕੀ

# ਸੰਤ ਲੌਂਗੋਵਾਲ ਵਿਰੁੱਧ 'ਬਗ਼ਾਵਤ' ਦਾ ਦੋਸ਼ ਕਿਉਂ?

ਕੇਂਦਰ ਸਰਕਾਰ ਜਿਸ ਢੰਗ ਨਾਲ ਪੰਜਾਬ ਦੇ ਮਸਲੇ ਨੂੰ ਪੇਚੀਦਾ ਕਰ ਰਹੀ ਹੈ, ਉਸ ਤੋਂ ਅੰਦਾਜ਼ਾ ਇਹ ਹੀ ਲਗਾਇਆ ਜਾ ਸਕਦਾ ਹੈ ਕਿ ਇਹ ਮਸਲਾ ਕਾਫੀ ਲਮਕਣ ਦੇ ਆਸਾਰ ਨਜ਼ਰ ਆ ਰਹੇ ਹਨ ਮਸਲੇ ਨੂੰ ਹੋਰ ਉਲਝਾਉਣ ਲਈ ਸੰਤ ਲੌਂਗੋਵਾਲ ਤੇ 'ਬਗ਼ਾਵਤ' ਦਾ ਦੋਸ਼ ਲਾਉਣਾ ਕੇਂਦਰ ਸਰਕਾਰ ਵਲੋਂ ਇਕ ਅਜਿਹਾ ਹੋਰ ਕਦਮ ਆਖਿਆ ਜਾ ਸਕਦਾ ਹੈ। ਜਿਸ ਸਥਿਤੀ ਵਿਚ ਸੰਤ ਲੌਂਗੋਵਾਲ ਇਸ ਸਮੇਂ ਹਨ, ਉਸ ਸਥਿਤੀ ਨੂੰ ਹੋਰ ਗੰਭੀਰ ਰੂਪ ਦੇਣਾ ਕਿਸੇ ਸਰਕਾਰ ਦੇ ਹਿਤ ਵਿਚ ਨਹੀਂ ਜਾ ਸਕਦਾ। ਇਕ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਸਰਕਰਦਾ ਆਗੂ ਜੇਲ੍ਹਾਂ ਵਿਚ ਬੈਠੇ ਹਨ - ਉਨ੍ਹਾਂ ਦੇ ਸਿਰਾਂ ਉਪਰ ਧਾਰਾ 25 ਨੂੰ ਸਾੜਨ ਦੇ ਇਲਜ਼ਾਮ ਦੀ ਤਲਵਾਰ ਲਟਕ ਰਹੀ ਹੈ, ਦੂਜੇ ਪਾਸੇ ਇਕੱਲੇ ਸੰਤ ਲੌਂਗੋਵਾਲ ਹੀ ਹਨ ਜੋ ਅਜਿਹੇ ਅਨਸਰਾਂ ਵਿਚ ਘਿਰੇ ਬੈਠੇ ਹਨ, ਜੋ ਪੰਜਾਬ ਦੇ ਟੋਟੇ ਫਿਰ ਕਰਨ ਲਈ ਤਤਪਰ ਹਨ। ਸੰਤ ਲੌਂਗੋਵਾਲ ਅਤੇ ਸ਼੍ਰੋਮਣੀ ਅਕਾਲੀ ਦਲ ਲਈ ਇਹ ਪ੍ਰੀਖਿਆ ਦਾ ਸਮਾਂ ਬਣ ਗਿਆ ਹੈ। ਇਕ ਪਾਸੇ ਅਜਿਹਾ ਅਨਸਰ ਹੈ ਜੋ ਕਤਲਾਂ, ਮਾਰਧਾੜ, ਲੁੱਟ ਖੋਹ ਵਿਚ ਮਸਤ ਹੋ ਕੇ ਬੱਕਰੇ ਬੁਲਾ ਰਿਹਾ ਹੈ, ਦੂਜੇ ਪਾਸੇ ਕੇਂਦਰੀ ਸਰਕਾਰ ਸੰਤ ਲੌਂਗੋਵਾਲ ਤੇ ਅਕਾਲੀ ਦਲ ਲਈ ਨਿੱਤ ਨਵੀਂ ਸਮੱਸਿਆ ਖੜ੍ਹੀ ਕਰ ਰਹੀ ਹੈ।

ਪੰਜਾਬ ਦੇ ਅਗਾਂਹ ਵਧੂ ਰਾਜਨੀਤਕ ਆਗੂਆਂ ਦੇ ਹੱਕ ਵਿਚ ਇਹ ਗੱਲ ਜਾਂਦੀ ਹੈ ਕਿ ਉਨ੍ਹਾਂ ਨੇ ਅਮਨ ਕਮੇਟੀਆਂ ਬਣਾ ਕੇ ਅਮਨ ਜਲੂਸ ਕੱਢਣ ਦਾ ਜੋ ਸਿਲਸਿਲਾ ਚਾਲੂ ਕੀਤਾ ਹੈ, ਉਸ ਨਾਲ ਦੋਵਾਂ ਫਿਰਕਿਆਂ ਦੇ ਆਮ ਲੋਕਾਂ ਵਿਚ ਡਰ, ਸਹਿਮ ਕਿਸੇ ਹੱਦ ਤੱਕ ਘੱਟ ਰਿਹਾ ਹੈ ਪਰ ਜਿਸ ਢੰਗ ਨਾਲ ਕੇਂਦਰ ਸਰਕਾਰ ਪੰਜਾਬ ਦੇ ਮਸਲੇ ਨੂੰ ਲੈ ਰਹੀ ਹੈ, ਉਨ੍ਹਾਂ ਦੀਆਂ ਸਫਲਤਾਵਾਂ ਨੂੰ ਵੀ ਨਿਗੂਣਾ ਕਰਨ ਦੀ ਕੋਸ਼ਿਸ਼ ਹੋ ਰਹੀ ਹੈ।

ਜ਼ਬਾਨੀ ਕਲਾਮੀ ਪ੍ਰਧਾਨ ਮੰਤਰੀ ਤੋਂ ਲੈ ਕੇ ਪੰਜਾਬ ਦੇ ਕਾਂਗਰਸੀ ਲੀਡਰਾਂ ਤੱਕ ਸਭ 'ਗੱਲਬਾਤ' ਦੀ ਰਟ ਲਗਾਈ ਜਾ ਰਹੇ ਹਨ - ਪਰ 'ਗੱਲਬਾਤ' ਜਦ ਸ਼ੁਰੂ ਹੁੰਦੀ ਹੈ ਤਾਂ ਉਸਨੂੰ ਤਾਰਪੀਡੋ ਕਰਨ ਦੇ ਯਤਨ ਪਹਿਲਾਂ ਹੀ ਆਰੰਭ ਹੋ ਜਾਂਦੇ ਹਨ। ਹੁਣ ਅਸਲੀਅਤ ਲੋਕਾਂ ਸਾਹਮਣੇ ਆ ਰਹੀ ਹੈ। ਜਿਸ 'ਲੀਡਰ' ਨੂੰ ਕਾਂਗਰਸ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਆਗੂ ਬਣਾਉਣ ਤੇ ਤੁਲੀ ਹੋਈ ਹੈ - ਉਸਦੀਆਂ ਹੀ ਕਾਰਵਾਈਆਂ ਦਾ ਹੀ ਸਿੱਟਾ ਇਹ ਨਿਕਲਿਆ ਹੈ ਕਿ ਜਿਥੇ ਪੰਜਾਬ ਵਿਚ ਜਨਸੰਘ ਦਾ ਮੁਕੰਮਲ ਸਫਾਇਆ ਹੋ ਗਿਆ ਸੀ ਉਥੇ ਫਿਰ ਫਿਰਕੂ ਪਾਰਟੀ ਸਿਰ ਚੁੱਕ ਰਹੀ ਹੈ। ਦੋਵਾਂ ਫਿਰਕਿਆਂ ਵਿਚ ਕਤਲ, ਲੁੱਟਮਾਰ ਅਤੇ ਬੇਭਰੋਸਗੀ ਪੈਦਾ ਕਰਵਾ ਕੇ ਪੰਜਾਬ ਵਿਚ ਕੋਈ ਵੀ ਪਾਰਟੀ ਲੋਕਾਂ ਦਾ ਵਿਸ਼ਵਾਸ਼ ਨਹੀਂ ਜਿਤ ਸਕੇਗੀ।

ਸੰਤ ਲੌਂਗੋਵਾਲ ਸ਼ਾਂਤਚਿਤ, ਗੰਭੀਰ ਤੇ ਰਾਜਨੀਤਕ ਤੌਰ ਤੇ ਪੂਰੀ ਤਰ੍ਹਾਂ ਚੇਤੰਨ ਵਿਅਕਤੀ ਹਨ - ਉਨ੍ਹਾਂ ਉਤੇ ਅਜਿਹੇ ਘਟੀਆ ਇਲਜ਼ਾਮ ਲਾ ਕੇ ਕੇਂਦਰ ਸਰਕਾਰ ਮਸਲੇ ਨੂੰ ਵਿਗਾੜ ਰਹੀ ਹੈ। ਤੇ ਇਸਦੇ ਗੰਭੀਰ ਸਿੱਟਿਆਂ ਦੀ ਜ਼ਿੰਮੇਵਾਰੀ ਵੀ ਕੇਂਦਰੀ ਸਰਕਾਰ ਦੇ ਸਿਰ ਹੀ ਹੈ। ਅਜੇ ਵੀ ਮੌਕਾ ਹੈ ਕਿ ਕੇਂਦਰ ਸਰਕਾਰ ਜੇਲ੍ਹਾਂ ਵਿਚ ਸੁੱਟੇ ਸਰਕਰਦਾ ਲੀਡਰਾਂ ਨੂੰ ਰਿਹਾ ਕਰਕੇ, ਉਨ੍ਹਾਂ ਦਾ ਅਤੇ ਪੰਜਾਬ ਦੇ ਆਮ ਲੋਕਾਂ ਦਾ ਵਿਸ਼ਵਾਸ਼ ਜਿੱਤੇ ਤੇ ਪੰਜਾਬ ਦੇ ਸਰਹੱਦੀ ਸੂਬੇ ਨੂੰ ਅਮਨ ਚੈਨ ਵਿਚ ਰਹਿਣ ਦੇਣ ਦਾ ਉਪਰਾਲਾ ਕਰੇ।

# ਹਿੰਦੂਆਂ ਦੀ ਰਾਖੀ ਕਰਨਾ ਵੀ ਸਾਡਾ ਫਰਜ਼ ਹੈ - ਉਮਰਾਨੰਗਲ

ਬਾਬਾ ਬਕਾਲਾ — ਸਬ ਡਵੀਜ਼ਨ ਅਮਨ ਕਮੇਟੀ ਦੀ ਮੀਟਿੰਗ ਐਸ. ਡੀ. ਐਮ. ਸ੍ਰੀ ਪਿਆਰੇ ਲਾਲ ਭਗਤ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਸਭ ਪਾਰਟੀਆਂ ਦੇ ਨੁਮਾਇੰਦੇ ਅਤੇ ਸਰਕਾਰੀ ਗੈਰ ਸਰਕਾਰੀ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਲ ਹੋਏ। ਮੀਟਿੰਗ ਵਿਚ ਸਭ ਨੇ ਪੰਜਾਬ ਦੀ ਮੌਜੂਦਾ ਸਥਿਤੀ ਤੇ ਚਿੰਤਾ ਪ੍ਰਗਟ ਕਰਦਿਆਂ ਆਪਸੀ ਮਿਲਵਰਤਣ ਅਤੇ ਫਿਰਕੂ ਸਦਭਾਵਨਾ ਉਤੇ ਜ਼ੋਰ ਦਿਤਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਸਿੱਧ ਅਕਾਲੀ ਨੇਤਾ ਜ. ਜੀਵਨ ਸਿੰਘ ਉਮਰਾਨੰਗਲ ਨੇ ਕਿਹਾ ਕਿ ਸਚਾ ਸਿਖ ਕਦੇ ਕਿਸੇ ਤੇ ਜ਼ੁਲਮ ਨਹੀਂ ਕਰਦਾ ਅਤੇ ਨਾ ਹੀ ਕਿਸੇ ਨੂੰ ਜਾਨੋਂ ਮਾਰਦਾ ਹੈ। ਬਲਕਿ ਜ਼ੁਲਮ ਅਤੇ ਜਬਰ ਵਿਰੁੱਧ ਲੜਦਾ ਹੈ। ਸਿਖ ਗੁਰੂਆਂ ਹਿੰਦੂਆਂ ਖਾਤਰ ਕੁਰਬਾਨੀਆਂ ਦਿਤੀਆਂ। ਗੁਰੂ ਤੇਗ ਬਹਾਦਰ ਨੇ ਆਪਣਾ ਸੀਸ ਕਟਾਇਆ

# ਸ਼ਹੀਦੀ ਦਿਨ ਤੇ ਵਿਸ਼ੇਸ਼
# ਰੱਬ ਦੀ ਹੋਂਦ

## ਸ਼ਹੀਦ ਭਗਤ ਸਿੰਘ

ਕੀ ਸਰਵ-ਸ਼ਕਤੀਮਾਨ, ਸਰਵ-ਵਿਆਪਕ ਤੇ ਸਰਵ-ਹਿਤਕਾਰੀ ਰੱਬ ਦੀ ਹੋਂਦ ਵਿਚ ਮੇਰਾ ਅਵਿਸ਼ਵਾਸ ਮੇਰੇ ਅਭਿਮਾਨ ਕਰਕੇ ਹੈ? ਮੈਂ ਤਾਂ ਕਦੇ ਇਹ ਸੁਪਨਾ ਵੀ ਨਹੀਂ ਸੀ ਲਿਆ ਕਿ ਮੈਨੂੰ ਇਹੋ ਜਿਹੀ ਸਮੱਸਿਆ ਦਾ ਸਾਹਮਣਾ ਕਰਨਾ ਪਏਗਾ। ਇਹ ਬਹੁਤ ਜ਼ਰੂਰੀ ਹੈ ਕਿ ਇਸ ਸਮੱਸਿਆ ਦੀ ਪਰਖ ਸਪਸ਼ਟ ਰੂਪ ਵਿਚ ਕੀਤੀ ਜਾਏ। ਕੋਈ ਇਹ ਨਾ ਸੋਚੇ ਕਿ ਮੈਂ ਇਸ ਕਿਸਮ ਦੀ ਸਵੈ-ਪਰਖ ਦਾ ਮਾਹਿਰ ਹੋਣ ਦਾ ਦਾਅਵਾ ਕਰਦਾ ਹਾਂ। ਮੈਂ ਤਾਂ ਮਾਮੂਲੀ ਜਿਹਾ ਇਨਸਾਨ ਹਾਂ, ਜਿਦ੍ਹੇ ਕੋਲ ਕੋਈ ਪਰਾ-ਮਨੁੱਖੀ ਤਾਕਤ ਨਹੀਂ ਹੈ। ਦਰਅਸਲ ਮੇਰਾ ਵਿਸ਼ਵਾਸ਼ ਹੈ ਕਿ ਰੱਬ ਵਰਗੀ ਕੋਈ ਚੀਜ਼ ਹੈ ਹੀ ਨਹੀਂ।

ਮੈਨੂੰ ਪਤਾ ਹੈ ਕਿ ਮੇਰੇ ਵਿਚ ਕੁਝ ਖਾਮੀਆਂ ਹਨ। ਅਭਿਮਾਨ ਮੇਰੇ ਸੁਭਾ ਦਾ ਅੰਗ ਹੈ। ਮੇਰੇ ਕੁਝ ਸਾਥੀ ਮੇਰੇ ਉਤੇ ਇਲਜ਼ਾਮ ਲਾਉਂਦੇ ਹਨ ਕਿ ਮੈਨੂੰ ਇਹ ਪਤਾ ਨਹੀਂ ਕਿ ਮੈਂ ਲੜਾਕਾ ਹਾਂ, ਕਿ ਮੈਂ ਆਪਣੀ ਰਾਏ ਦੂਜਿਆਂ ਉਤੇ ਮੜ੍ਹਦਾ ਹਾਂ ਤੇ ਉਹਨਾਂ ਨੂੰ ਮੰਨਣ ਲਈ ਮਜਬੂਰ ਕਰਦਾ ਹਾਂ। ਇਹ ਗੱਲ ਕਿਸੇ ਹੱਦ ਤੱਕ ਸਹੀ ਹੋ ਸਕਦੀ ਹੈ। ਇਹਨੂੰ ਮੇਰਾ ਹੰਕਾਰ ਵੀ ਕਿਹਾ ਜਾ ਸਕਦਾ ਹੈ। ਪਰ ਇਸ ਤਰ੍ਹਾਂ ਦੀ ਈਮਾਨਦਾਰੀ ਨੇ ਇਸ ਸਮਾਜ ਦੀਆਂ ਅੰਨ੍ਹੀਆਂ ਪਰੰਪਰਾਵਾਂ, ਰਹੁ-ਰੀਤਾਂ ਤੇ ਭਰਮਾਂ ਦਾ ਵਿਰੋਧ ਕਰਨ ਤੇ ਇਹਨਾਂ ਵਿਰੁਧ ਲੜਨ ਵਿਚ ਹੀ ਮਦਦ ਕੀਤੀ ਹੈ। ਇਸ ਵਿਚ ਕੋਈ ਖੁਦਗਰਜ਼ੀ ਨਹੀਂ ਹੈ। ਜੇ ਕੋਈ ਗ਼ਰਜ਼ ਹੈ, ਤਾਂ ਇਹਨੂੰ ਸਾਫ ਵਾਜਬ ਤੇ ਮਾਣਯੋਗ ਹੀ ਸਮਝਿਆ ਜਾਣਾ ਚਾਹੀਦਾ ਹੈ, ਨਾ ਕਿ ਹੰਕਾਰ। ਫੋਕੀ ਸ਼ਾਨ ਤੇ ਸ਼ੇਖੀਪੁਣਾ ਓਦੋਂ ਹੀ ਪੈਦਾ ਹੁੰਦੇ ਹਨ, ਜਦ ਕੋਈ ਹੰਕਾਰ ਵਿਚ ਆ ਕੇ ਆਪਣੀ ਵਡਿਆਈ ਆਪ ਕਰਨ ਲਗਦਾ ਹੈ। ਕੀ ਇਹੋ ਜਿਹੇ ਹੰਕਾਰ ਨੇ ਮੈਨੂੰ ਨਾਸਤਕ ਬਣਨ ਲਈ ਪ੍ਰੇਰਿਆ? ਜਾਂ ਕੀ ਮੈਂ ਇਸ ਦੁਨੀਆਂ ਨੂੰ ਬੜੇ ਗਹੁ ਨਾਲ ਡੂੰਘੀ ਤਰ੍ਹਾਂ ਬਰੀਕੀ ਨਾਲ ਤੇ ਸਾਵਧਾਨੀ ਨਾਲ ਪਰਖ ਕੇ ਇਹ ਮਸਲੇ ਦਿਨੇ-ਰਾਤ ਸੋਚ ਸੋਚ ਕੇ ਰੱਬ ਦੇ ਵਿਚਾਰ ਨੂੰ ਰੱਦ ਕਰਕੇ ਨਾਸਤਕ ਬਣਿਆ ਸੀ? ਮੈਂ ਦੇਖਣਾ ਚਾਹੁੰਦਾ ਹਾਂ, ਪਰ ਪਹਿਲਾਂ ਮੈਂ ਫੋਕੀ ਸ਼ਾਨ ਤੇ ਹੰਕਾਰ ਵਿਚ ਫਰਕ ਸਪਸ਼ਟ ਕਰਨਾ ਚਾਹੁੰਦਾ ਹਾਂ।

ਸਭ ਤੋਂ ਪਹਿਲਾਂ ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਕਿਵੇਂ ਫੋਕੀ ਸ਼ਾਨ ਜਾਂ ਹਉਮੈ ਰੱਬ ਵਿਚ ਅਕੀਦਾ ਨਹੀਂ ਰੱਖਣ ਦੇ ਸਕਦੀ? ਜੇ ਮੈਂ ਜਨਤਕ ਪ੍ਰਭਾਵ ਮਹਾਤਮਤਾਈ ਜਾਂ ਨੇਕੀ ਤੋਂ ਛੁੱਟ ਕਿਸੇ ਹੋਰ ਤਰੀਕੇ ਨਾਲ ਬਣਾਇਆ ਹੈ, ਤਾਂ ਮੈਂ ਸੰਤ ਦੀ ਪਾਵਨਤਾ ਤੋਂ ਇਨਕਾਰੀ ਹੋ ਸਕਦਾ ਹੈ? ਪਰ ਕੋਈ ਹਉਮੈ ਕਾਰਣ ਡੂੰਘੇ ਅਕੀਦੇ ਵਾਲਾ ਇਹਨੂੰ ਕਿਵੇਂ ਛੱਡ ਸਕਦਾ ਹੈ ਸਿਰਫ ਦੋ ਤਰੀਕੇ ਹਨ: ਜਾਂ ਤਾਂ ਉਹ ਆਪਣੇ ਆਪ ਨੂੰ ਰੱਬ ਦਾ ਦੁਸ਼ਮਣ ਜਾਣੇ ਜਾਂ ਉਹ ਇਹ ਮੰਨੇ ਕਿ ਉਹ ਆਪ ਹੀ ਰੱਬ ਹੈ। ਇੰਜ ਉਹ ਰੱਬ ਦੀ ਹੋਂਦ ਨੂੰ ਨਕਾਰਦਾ ਨਹੀਂ। ਦੂਜੀ ਸੂਰਤ ਵਿਚ ਉਹਨੂੰ ਬ੍ਰਹਿਮੰਡ ਦੀ ਗਤੀ ਪਿਛੇ ਸ਼ਕਤੀ ਵਜੋਂ ਸਵੈ-ਚੇਤਨ ਰੱਬ ਨੂੰ ਮੰਨਣਾ ਪਏਗਾ। ਮੈਨੂੰ ਇਹ ਜਾਣਨ ਦੀ ਲੋੜ ਨਹੀਂ ਕਿ ਉਹ ਇਸ ਨੂੰ "ਵਲਿਖਣ" ਜਾਂ "ਲਾਸਾਨੀ" ਜਾਂ ਹੋਰ ਕੋਈ ਵੀ ਗੱਲ ਸਮਝਦਾ ਹੈ ਜਾਂ ਨਹੀਂ। ਮੇਰਾ ਇਸੇ ਨਿਰਣੇ ਨਾਲ ਹੀ ਵਾਸਤਾ ਹੈ ਕਿ ਉਹਨੂੰ ਨਾਸਤਕ ਨਹੀਂ ਸਮਝਿਆ ਜਾ ਸਕਦਾ। ਮੈਂ ਮੈਂ ਇਹਨਾਂ ਵਰਗਾਂ ਵਿਚੋਂ ਕਿਸੇ ਵੀ ਵਰਗ ਵਿਚ ਸ਼ਾਮਲ ਨਹੀਂ ਹਾਂ। ਬ੍ਰਹਿਮੰਡ ਦੇ ਸਿਰਜਕ ਜਾਂ ਇਹਦੇ ਪਹਿਲੇ ਕਾਰਣ ਹੋਣ ਵਜੋਂ ਰੱਬ ਤੋਂ ਇਨਕਾਰੀ ਹਾਂ। ਇਹਦਾ ਕਾਰਣ ਮੈਂ ਅਗਾਂਹ ਚਲ ਕੇ ਦੱਸਾਂਗਾ, ਪਰ ਇਥੇ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਅਵਿਸ਼ਵਾਸ ਦਾ ਕਾਰਣ ਮੇਰੀ ਹਉਮੈ ਜਾਂ ਫੋਕੀ ਸ਼ਾਨ ਨਹੀਂ ਹੋ ਸਕਦੀ। ਨਾ ਮੈਂ ਰੱਬ ਹੀ ਨਾ ਮੈਂ ਅਵਤਾਰ ਹਾਂ ਤੇ ਨਾ ਹੀ ਪ੍ਰਤੀਯੋਗੀ। ਇਸ ਲਈ ਮੇਰਾ ਹੰਕਾਰ ਮੇਰੀ ਨਾਸਕਤਾ ਦਾ ਕਾਰਣ ਨਹੀਂ ਹੋ ਸਕਦਾ।

ਮੇਰੇ ਕਈ ਦੋਸਤਾਂ ਦਾ ਪੱਕਾ ਵਿਸ਼ਵਾਸ ਹੈ ਕਿ ਦਿੱਲੀ ਬੰਬ ਕੇਸ, ਲਾਹੌਰ ਸਾਜ਼ਿਸ਼ ਕੇਸ ਤੇ ਹੋਰ ਮੁਕੱਦਮਿਆਂ ਕਰਕੇ ਮੈਨੂੰ ਜੋ ਸ਼ੁਹਰਤ ਹਾਸਲ ਹੋਈ ਹੈ, ਉਹਦੇ ਕਾਰਣ ਮੈਂ ਐਵੇਂ ਹੀ ਆਪਣੇ ਆਪ ਉਤੇ ਮਾਣ ਤੇ ਅਭਿਮਾਨ ਕਰਨ ਲਗਾ ਹਾਂ। ਕੀ ਉਹਨਾਂ ਦੀ ਗਲ ਠੀਕ ਹੈ? ਪਿਛੇ ਜਿਹੇ ਵਾਪਰੀਆਂ ਘਟਨਾਵਾਂ ਕਾਰਣ ਤਾਂ ਮੈਂ ਨਾਸਤਕ ਨਹੀਂ ਹੋਇਆ।...

ਮੈਨੂੰ ਮੇਰੇ ਬਾਬਾ ਜੀ ਨੇ ਪਾਲਿਆ ਪੋਸਿਆ ਸੀ। ਉਹ ਪੱਕੇ ਆਰੀਆ ਸਮਾਜੀ ਸਨ। ਉਹ ਹੋਰ ਤਾਂ ਸਭ ਕੁਝ ਬਰਦਾਸ਼ਤ ਕਰ ਸਕਦੇ ਸਨ, ਪਰ ਨਾਸਤਕਤਾ ਨਹੀਂ। ਉਹ ਆਪਣੇ ਆਪ ਨੂੰ ਨਾਸਤਕਤਾ ਦਾ ਦੁਸ਼ਮਣ ਕਹਿੰਦੇ ਹੁੰਦੇ ਸਨ। ਮੈਂ ਆਪਣੀ ਪ੍ਰਾਇਮਰੀ ਦੀ ਵਿਦਿਆ ਮੁਕਾ ਕੇ ਲਾਹੌਰ ਦੇ ਡੀ. ਏ. ਵੀ. ਕਾਲਿਜ ਵਿਚ ਦਾਖਲ ਹੋ ਗਿਆ ਤੇ ਇਕ ਸਾਲ ਬੋਰਡਿੰਗ ਹਾਊਸ ਵਿਚ ਬਿਤਾਇਆ। ਉਥੇ ਅਸੀਂ ਹਰ ਸਵੇਰ ਸ਼ਾਮ ਪ੍ਰਾਰਥਨਾ ਕਰਦੇ ਹੁੰਦੇ ਸਾਂ ਤੇ ਘੰਟਿਆਂ-ਬੱਧੀ ਗਾਇਤ੍ਰੀ ਦਾ ਜਾਪ ਕਰਦੇ ਹੁੰਦੇ ਸਾਂ। ਮੈਂ ਬਹੁਤ ਜ਼ਿਆਦਾ ਧਾਰਮਿਕ ਸਾਂ। ਫੇਰ ਮੈਂ ਆਪਣੇ ਪਿਤਾ ਜੀ ਨਾਲ ਰਹਿਣ ਲਗ ਪਿਆ। ਜਿਨ੍ਹਾਂ ਦਾ ਧਾਰਮਕ ਦ੍ਰਿਸ਼ਟੀਕੋਣ ਉਦਾਰ ਸੀ। ਉਨ੍ਹਾਂ ਦੀਆਂ ਸਿਖਿਆਵਾਂ ਨਾਲ ਹੀ ਮੇਰੇ ਵਿਚ ਦੇਸ਼-ਭਗਤੀ ਤੇ ਦ੍ਰਿੜਤਾ ਆਈ ਕਿ ਮੈਨੂੰ ਆਪਣੇ ਦੇਸ ਦੀ ਆਜ਼ਾਦੀ ਲਈ ਘਟੋ-ਘਟ ਕਾਫੀ ਹਿਸਾ ਲੇਖੇ ਲਾਉਣਾ ਚਾਹੀਦਾ ਹੈ। ਪਰ ਉਹ ਨਾਸਤਕ ਨਹੀਂ ਸਨ। ਉਹਨਾਂ ਦਾ ਰੱਬ ਵਿਚ ਪੱਕਾ ਅਕੀਦਾ ਸੀ। ਮੈਨੂੰ ਉਹ ਰੋਜ਼ ਪ੍ਰਾਰਥਨਾ ਕਰਨ ਲਈ ਕਹਿੰਦੇ ਹੁੰਦੇ ਸਨ।

ਮੈਂ ਸਿਰਫ ਇਸੇ ਢੰਗ ਨਾਲ ਪਾਲਿਆ ਗਿਆ ਸਾਂ। ਨਾ-ਮਿਲਵਰਤਣ ਲਹਿਰ ਦੌਰਾਨ ਹੀ ਮੈਂ ਨੈਸ਼ਨਲ ਕਾਲਜ ਵਿਚ ਦਾਖਲ ਹੋਇਆ ਸੀ। ਉਥੇ ਹੀ ਮੈਂ ਸਾਰੇ ਧਰਮਾਂ ਤੇ ਧਰਮ ਸ਼ਾਸਤਰਾਂ ਬਾਰੇ ਸੋਚਣਾ, ਉਹਨਾਂ ਨੂੰ ਪਰਖਣਾ ਤੇ ਉਹਨਾਂ ਬਾਰੇ ਵਿਚਾਰ-ਚਰਚਾ ਕਰਨੀ ਸ਼ੁਰੂ ਕੀਤੀ ਸੀ, ਪਰ ਉਦੋਂ ਵੀ ਮੇਰਾ ਰੱਬ ਵਿਚ ਵਿਸ਼ਵਾਸ ਸੀ। ਭਾਵੇਂ ਸਿੱਖੀ ਨੁਹਾਰ ਅਜ ਤਕ ਬਰਕਰਾਰ ਰਖੀ ਹੈ, ਪਰ ਉਦੋਂ ਮੇਰਾ ਵਿਸ਼ਵਾਸ ਸੀ ਕਿ ਰੱਬ ਜ਼ਰੂਰ ਹੈ। ਫੇਰ ਮੈਂ ਇਨਕਲਾਬੀ ਲਹਿਰ ਵਿਚ ਸ਼ਾਮਲ ਹੋ ਗਿਆ। ਮੈਂ ਜਿਸ ਪਹਿਲੇ ਇਨਕਲਾਬੀ ਨੂੰ ਮਿਲਿਆ ਸੀ, ਉਹਦਾ ਰੱਬ ਵਿਚ ਪੂਰਾ ਵਿਸ਼ਵਾਸ ਨਹੀਂ ਸੀ, ਪਰ ਉਸ ਵਿਚ ਅਕੀਦੇ ਉਤੇ ਕਿੰਤੂ ਕਰਨ ਜੋਗੀ ਹਿੰਮਤ ਨਹੀਂ ਸੀ।

ਮੈਂ ਜਿਸ ਦੂਜੇ ਆਗੂ ਨੂੰ ਮਿਲਿਆ ਉਹਦਾ ਰੱਬ ਵਿਚ ਪੱਕਾ ਅਕੀਦਾ ਸੀ। ਉਹਦਾ ਨਾਂ ਮਾਨਯੋਗ ਕਾਮਰੇਡ ਸਚਿੰਦਰ ਨਾਥ ਸਨਿਆਲ ਹੈ(ਇਹ



ਸ਼ਹੀਦ ਭਗਤ ਸਿੰਘ

ਕਰਾਚੀ ਸਾਜ਼ਿਸ਼ ਕੇਸ ਦੇ ਮੁਲਜ਼ਮ ਹਨ ਤੇ ਹੁਣ ਉਮਰ-ਕੈਦ ਭੁਗਤ ਰਹੇ ਹਨ)। ਉਹਨਾਂ ਨੇ ਬੰਦੀ ਜੀਵਨ ਨਾਂ ਦੀ ਕਿਤਾਬ ਲਿਖੀ ਹੈ। ਇਹ ਪ੍ਰਸਿਧ ਕਿਤਾਬ ਹੈ ਸ਼ੁਰੂ ਵਿਚ ਹੀ ਇਸ ਵਿਚ ਪ੍ਰਬਲਤਾ ਤੇ ਬੜੇ ਜੋਸ਼ ਨਾਲ ਰੱਬ ਦੀ ਸ਼ਾਨ ਦੀ ਮਹਿਮਾ ਹੈ। ਇਹਦੇ ਦੂਜੇ ਭਾਗ ਦਾ ਅੰਤਲੇ ਸਫੇ ਵਿਚ ਵੇਦਾਂਤਕ ਵਿਚਾਰਾਂ ਨਾਲ ਲੱਦੀ ਈਸ਼ਵਰ ਉਸਤਤਿ ਹੈ। ਇਹਨਾਂ ਨੂੰ ਉਹਨਾਂ ਦੇ ਵਿਚਾਰਾਂ ਦਾ ਸਾਰ ਕਿਹਾ ਜਾ ਸਕਦਾ ਹੈ। ਸਰਕਾਰ ਦਾ ਕਹਿਣਾ ਸੀ ਕਿ 28 ਜਨਵਰੀ 1925 ਨੂੰ ਮੁਲਕ ਭਰ ਵਿਚ ਵੰਡੇ ਗਏ ਇਨਕਲਾਬੀ ਪਰਚੇ ਉਹਨਾਂ ਦੇ ਦਿਮਾਗ ਦੀ ਹੀ ਕਾਢ ਸਨ।

ਇਹਦਾ ਜ਼ਿਕਰ ਮੈਂ ਇਹੀ ਦਰਸਾਉਣ ਲਈ ਕਰ ਰਿਹਾ ਹਾਂ ਕਿ ਕਿਵੇਂ ਉਘੇ ਆਗੂ ਆਪਣੇ ਦਿਲੀ ਅਕੀਦਿਆਂ ਨੂੰ ਪ੍ਰਚਾਰਣ ਦੇ ਯੋਗ ਹੁੰਦੇ ਹਨ ਤੇ ਕਿਵੇਂ ਉਹਨਾਂ ਨਾਲ ਮਤਭੇਦ ਰੱਖਣ ਵਾਲਿਆਂ ਨੂੰ ਆਪਣੇ ਵਿਚਾਰਾਂ ਨੂੰ ਦਬਾਉਣਾ ਪੈਂਦਾ ਹੈ। ਸਚਾਈ ਦਾ ਇਸ ਤਰ੍ਹਾਂ ਦਾ ਦਮਨ ਸਾਰੀਆਂ ਗੁਪਤ ਜਥੇਬੰਦੀਆਂ ਵਿਚ ਲਾਜ਼ਮੀ ਹੁੰਦਾ ਹੈ। ਉਸ ਪਰਚੇ ਵਿਚ ਇਕ ਸਾਰਾ ਪੈਹਰਾ "ਸਰਵੇਸ਼ਵਰ" ਤੇ ਉਹਦੀਆਂ "ਲੀਲਾਵਾਂ" ਬਾਰੇ ਹੈ। ਇਸ ਵਿਚ ਜੋ ਜੋ ਕੁਝ ਦੱਸਿਆ ਗਿਆ ਹੈ, ਉਹ ਪੂਰੀ ਤਰ੍ਹਾਂ ਗੁਪਤ "ਬ੍ਰਹਮ ਰਹੱਸ" ਹੈ। ਮੈਂ ਇਥੇ ਇਹ ਦੱਸਣਾ ਚਾਹੁੰਦਾ ਹਾਂ ਕਿ ਉਹਨਾਂ ਦਿਨਾਂ ਵਿਚ ਇਨਕਲਾਬੀ ਪਾਰਟੀ ਵਿਚ ਵੀ ਰੱਬ ਦੀ ਹੋਂਦ ਬਾਰੇ ਕਿੰਤੂ ਕਰਨ ਦਾ ਸਵਾਲ ਪੈਦਾ ਨਹੀਂ ਹੋਇਆ ਸੀ। ਉਘੇ ਚਾਰੇ ਕਾਕੋਰੀ ਤਿਆਗੀਆਂ ਨੇ ਆਪਣਾ ਅੰਤਮ ਦਿਨ ਪ੍ਰਾਰਥਨਾ ਜਾਂ ਦੁਆ ਕਰਦਿਆਂ ਲੰਘਾਇਆ ਸੀ।

ਰਾਮ ਪ੍ਰਸ਼ਾਦ ਬਿਸਮਿਲ ਪੱਕੇ ਆਰੀਆ ਸਮਾਜੀ ਸਨ। ਸਮਾਜਵਾਦ ਤੇ ਸਾਮਵਾਦ ਬਾਰੇ ਵਿਸ਼ਾਲ ਖੋਜ ਕਰਨ ਵਾਲੇ ਰਾਜਨ ਲਾਂਹਿੜੀ ਤੋਂ ਆਪਣੇ ਅੰਤਮ ਦਿਨਾਂ ਵਿਚ ਗੀਤਾ ਤੇ ਉਪਨਿਸ਼ਦਾਂ ਦੇ ਸ਼ਲੋਕਾਂ ਦਾ ਉਚਾਰਨ ਕਰਨੋਂ ਰਹਿ ਨਾ ਹੋਇਆ। ਉਹਨਾਂ ਸਾਰਿਆਂ ਵਿਚ ਮੈਂ ਇਕੋ ਬੰਦਾ ਦੇਖਿਆ ਸੀ, ਜੋ ਪ੍ਰਾਰਥਨਾ ਨਹੀਂ ਕਰਦਾ ਸੀ। ਉਹਨੇ ਅਕਸਰ ਆਖਣਾ, "ਸਿਰਫ ਬੰਦੇ ਦੀ ਕਮਜ਼ੋਰੀ ਤੇ ਸੀਮਤ ਗਿਆਨ ਕਾਰਨ ਧਰਮ ਪੈਦਾ ਹੋਏ ਸਨ।" ਇਹ ਬੰਦਾ ਵੀ ਉਮਰ ਕੈਦ ਭੁਗਤ ਰਿਹਾ ਹੈ। ਇਹਨੂੰ ਵੀ ਇਹ ਆਖਣ ਦੀ ਹਿੰਮਤ ਨਹੀਂ ਸੀ ਕਿ ਰੱਬ ਨਹੀਂ ਹੈ।

ਓਦੋਂ ਤੱਕ ਤਾਂ ਮੈਂ ਸਿਰਫ ਰੋਮਾਂਟਿਕ ਆਦਰਸ਼ ਰਖਣ ਵਾਲਾ ਇਨਕਲਾਬੀ ਸੀ। ਉਦੋਂ ਤਕ ਤਾਂ ਅਸੀਂ ਸਿਰਫ ਅਨੁਯਾਈ ਹੀ ਸਾਂ। ਪਰ ਜਦੋਂ ਸਾਰਿਆਂ ਨੂੰ ਸਜ਼ਾਵਾਂ ਹੋ ਗਈਆਂ, ਤਾਂ ਪਾਰਟੀ ਦਾ ਭਾਰ ਮੈਨੂੰ ਚੁਕਣਾ ਪਿਆ। ਪਾਰਟੀ ਦੀ ਸਖਤ ਵਿਰੋਧਤਾ ਕਾਰਨ ਇਹਦੀ ਹੋਂਦ ਹੀ ਖਤਰੇ ਵਿਚ ਸੀ। ਅੱਗ ਤੇ ਜੋਸ਼ ਨਾਲ ਭਰੇ ਹੋਏ ਕਾਮਰੇਡ ਵੀ - ਆਗੂ ਵੀ - ਸਾਡਾ ਮਜ਼ਾਕ ਉਡਾਣ ਲਗੇ। ਕਈ ਵਾਰ ਮੈਨੂੰ ਸ਼ੰਕਾ ਹੋਣਾ ਕਿ ਸਾਡਾ ਸਾਰਾ ਕੀਤਾ-ਕੱਤਰਿਆ ਕੰਮ ਅਜਾਈਂ ਜਾਏਗਾ। ਏਸ ਅਹਿਸਾਸ ਸਦਕਾ ਮੇਰਾ ਜ਼ਿੰਦਗੀ ਦੀ ਇਸ ਤਬਦੀਲੀ ਨੇ ਮੈਨੂੰ ਇਨਕਲਾਬੀ ਬਣਾ ਦਿਤਾ: "ਸਿੱਖ, ਤਾਂ ਕਿ ਤੂੰ ਆਪਣੇ ਗਿਆਨ ਦੀ ਸ਼ਕਤੀ ਨਾਲ ਆਪਣੇ ਦੁਸ਼ਮਣ ਦੀਆਂ ਦਲੀਲਾਂ ਦਾ ਜਵਾਬ ਦੇ ਸਕੇਂ, ਉਹਦਾ ਵਿਰੋਧ ਕਰ ਸਕੇਂ ਤੇ ਉਹਦੀ ਨਿਖੇਧੀ ਕਰ ਸਕੇਂ। ਸਿੱਖ, ਤਾਂ ਕਿ ਤੂੰ ਸਵੈ-ਪੜਚੋਲ ਰਾਹੀਂ ਆਪਣੇ ਆਦਰਸ਼ਾਂ ਤੇ ਆਪਣੀਆਂ ਨੀਤੀਆਂ ਨੂੰ ਗ਼ਲਤੀਆਂ ਤੋਂ ਪਾਕ ਕਰ ਸਕੇਂ।" ਇਸ ਅਹਿਸਾਸ ਦੀਆਂ ਲਹਿਰਾਂ ਮੇਰੇ ਵਿਚਾਰਾਂ ਦੇ ਸਾਗਰ ਵਿਚ ਉਭਰਦੀਆਂ ਰਹੀਆਂ ਤੇ ਮੇਰੇ ਮਨ ਦੇ ਕੰਢਿਆਂ ਨਾਲ ਟਕਰਾਉਂਦੀਆਂ ਰਹੀਆਂ ਤੇ ਮੈਂ ਹਰ ਗੱਲ ਬਾਰੇ ਸਿਖਣਾ, ਆਲੋਚਨਾਤਮਕ ਤਰੀਕੇ ਨਾਲ ਪਰਖਣਾ ਸ਼ੁਰੂ ਕਰ ਦਿੱਤਾ। ਮੇਰੇ ਪੁਰਾਣੇ ਅਕੀਦਿਆਂ ਤੇ ਫੈਸਲਿਆਂ ਵਿਚ ਬਹੁਤ ਵੱਡੀ ਤਬਦੀਲੀ ਆ ਗਈ।

ਹੁਣ ਤਕ ਅਸਾਂ ਇਨਕਲਾਬੀਆਂ ਵਿਚ ਸਿਰਫ ਹਿੰਸਕ ਤੇ ਗੁਪਤ ਤੌਰ ਤਰੀਕੇ ਹੀ ਪ੍ਰਮੁਖ ਸਨ, ਪਰ ਆਪਣੇ ਤੌਰ ਤਰੀਕਿਆਂ ਵਿਚ ਤਬਦੀਲੀ ਲਿਆਉਣ ਲਈ ਸਾਨੂੰ ਨਵੇਂ ਵਿਚਾਰਾਂ ਨੂੰ ਮੰਨਣਾ ਪਿਆ।

ਅਸੀਂ ਆਪਣੇ ਤਜਰਬੇ ਤੋਂ ਇਹੀ ਸੱਚਾਈ ਸਿੱਖੀ ਕਿ ਇਨਕਲਾਬੀ ਤਬਦੀਲੀ ਲਈ ਵਹਿਮ ਤੇ ਅੰਧ-ਵਿਸ਼ਵਾਸ

(ਬਾਕੀ ਪੰਨਾ/53)





JIM PATTISON
ON MAIN
SERVICE AFTER SALE

1984 ਦੀਆਂ ਨਵੀਆਂ ਕੈਡਲਿਕ ਖਰੀਦੋ
ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜ਼ਿਮੀ ਲੈਣ ਲਈ ਤੁਹਾਡੇ ਜਾਣੇ ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫੋਨ ਕਰੋ
PARLAD GILL



BUS. 879-4233 3434 MAIN ST. VANCOUVER, B.C. RES. 435-1834

# ਪੰਜਾਬ ਦਰਪਣ

## ਆਨੰਦਪੁਰ ਸਾਹਿਬ ਹੋਲੇ ਮਹੱਲੇ ਸਮੇਂ ਬੰਬ ਘਟਨਾ

ਆਨੰਦਪੁਰ ਸਾਹਿਬ — ਹੋਲੇ ਮਹੱਲੇ ਦੇ ਸਮੇਂ ਇਥੇ ਪੁਲੀਸ ਦੇ ਕੈਂਪ ਉਪਰ ਇਕ ਬੰਬ ਸੁਟਿਆ ਗਿਆ ਜਿਸ ਨਾਲ 4 ਵਿਅਕਤੀ ਜ਼ਖਮੀ ਹੋ ਗਏ। ਜ਼ਖਮੀ ਹੋਣ ਵਾਲਿਆਂ ਵਿਚ ਇਕ ਇਸਤਰੀ ਵੀ ਦੱਸੀ ਜਾਂਦੀ ਹੈ।

## ਅਮਨ ਯਾਤਰਾ

ਮੋਗਾ -- ਪੰਜਾਬ ਵਿਚ 'ਅਮਨ ਯਾਤਰਾ' ਕਰਨ ਵਾਲਿਆਂ ਦੇ ਤਿੰਨ ਟੋਲੇ (ਹਰ ਟੋਲੇ ਵਿਚ ਦੋ ਦੋ ਸੌ ਵਿਅਕਤੀ) ਮੋਗਾ ਸਬ ਡਵੀਜ਼ਨ ਦੇ ਕਈ ਪਿੰਡਾਂ ਵਿਚੋਂ ਲੰਘ ਕੇ ਸ਼ਾਮ ਨੂੰ ਨਿਹਾਲ ਸਿੰਘਵਾਲਾ ਵਿਚ ਇਕਠੇ ਹੋਏ। ਉਨ੍ਹਾਂ ਪੰਜਾਬ ਅਤੇ ਹਰਿਆਣਾ ਵਿਚ ਹੋ ਰਹੇ ਕਤਲੋ ਗਾਰਤ ਦੀ ਨਿਖੇਧੀ ਕੀਤੀ ਅਤੇ ਲੋਕਾਂ ਨੂੰ ਪੁਰ ਅਮਨ ਰਹਿਣ ਦੀ ਅਪੀਲ ਕੀਤੀ।

## ਬੱਚੇ ਚੁੱਕਣ ਵਾਲਾ ਲੋਕਾਂ ਨੇ ਫੜ ਲਿਆ

ਮੰਡੀ ਗੋਬਿੰਦਗੜ੍ਹ — ਛੋਟੀ ਉਮਰ ਦੇ ਬੱਚਿਆਂ ਨੂੰ ਚੁੱਕਣ ਵਾਲੇ ਇਕ ਗਰੋਹ ਦੇ ਇਕ ਮੈਂਬਰ ਨੂੰ ਲੋਕਾਂ ਨੇ ਫੜ ਕੇ ਪੁਲਸ ਦੇ ਹਵਾਲੇ ਕੀਤਾ। ਪਰਾਪਤ ਜਾਣਕਾਰੀ ਦੇ ਅਨੁਸਾਰ ਇਸ ਹਲਕੇ ਵਿਚ ਪਿਛਲੇ ਕੁਝ ਦਿਨਾਂ ਤੋਂ ਇਹ ਗਰੋਹ ਬੱਚੇ ਚੁੱਕਣ ਦੀਆਂ ਸਰਗਰਮੀਆਂ ਵਿਚ ਲੱਗਾ ਹੋਇਆ ਸੀ। ਤੇ ਬੱਚਿਆਂ ਦੇ ਮਾਂ ਬਾਪ ਆਪਣੇ ਛੋਟੇ ਬੱਚਿਆਂ ਨੂੰ ਸਕੂਲਾਂ ਵਿਚ ਭੇਜਣ ਤੇ ਘਰ ਤੋਂ ਦੂਰ ਖੇਲਣ ਤੋਂ ਰੋਕਦੇ ਹਨ।

ਫੜੇ ਗਏ ਦੋਸ਼ੀ ਨੇ ਦੱਸਿਆ ਹੈ ਕਿ ਉਸ ਨੇ ਉਸ ਪਾਸੋਂ ਬਰਾਮਦ ਬੱਚਾ ਉਸ ਸਮੇਂ ਅਗਵਾ ਕੀਤਾ ਜਦੋਂ ਉਸਦੀ ਮਾਂ ਰੇਲਵੇ ਲਾਈਨ ਵਿਚ ਕੋਇਲੇ ਚੁਗ ਰਹੀ ਸੀ।

ਪੁਲਸ ਸੂਤਰਾਂ ਅਨੁਸਾਰ ਦੋਸ਼ੀ ਨੇ ਬੱਚੇ ਨੂੰ ਚੋਰੀ ਚੁਕਣ ਦੀ ਘਟਨਾ ਨੂੰ ਤਾਂ ਸਵੀਕਾਰ ਕੀਤਾ ਪਰ ਆਪਣਾ ਸਬੰਧ ਬੱਚੇ ਚੁਕਣ ਵਾਲੇ ਕਿਸੇ ਗਰੋਹ ਦੇ ਨਾਲ ਹੋਣ ਤੋਂ ਇਨਕਾਰ ਕੀਤਾ ਹੈ। ਪੁਲਸ ਦਾ ਖਿਆਲ ਹੈ ਕਿ ਇਸ ਘਟਨਾ ਦਾ ਪਿਛੋਕੜ ਕੋਈ ਸੈਕਸ ਦਾ ਮਾਮਲਾ ਹੈ। ਕਿਉਂਕਿ ਦੋਸ਼ੀ ਉਪਰੋਕਤ ਅਪਰਾਧ ਨੂੰ ਸਵੀਕਾਰ ਕਰਦਿਆਂ ਇਸ ਪ੍ਰਕਾਰ ਦੇ ਇਸ਼ਾਰੇ ਦਿਤੇ ਹਨ। ਪੁਲਸ ਨੇ ਜਾਂਚ ਸ਼ੁਰੂ ਕਰ ਦਿਤੀ ਹੈ।

## ਤਖਤਾਂ ਦੇ ਜਥੇਦਾਰਾਂ ਵਲੋਂ 'ਪੰਥਕ ਏਕੇ' ਦੀ ਅਪੀਲ

ਅੰਮ੍ਰਿਤਸਰ — ਸਿੱਖਾਂ ਦੇ ਤਿੰਨ ਤਖਤਾਂ ਦੇ ਜਥੇਦਾਰਾਂ ਨੇ ਸਿੱਖਾਂ ਨੂੰ ਅਪੀਲ ਕੀਤੀ ਹੈ ਕਿ ਉਹ ਵਰਤਮਾਨ ਸੰਕਟ ਦੀ ਘੜੀ ਇਕੱਠੇ ਹੋ ਜਾਣ।

ਅਕਾਲ ਤਖਤ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ, ਹਰਮੰਦਰ ਸਾਹਿਬ ਦੇ ਮੁਖ ਗਰੰਥੀ ਸਾਹਿਬ ਸਿੰਘ ਅਤੇ ਆਨੰਦਪੁਰ ਸਾਹਿਬ ਦੇ ਜਥੇਦਾਰ ਗਿਆਨੀ ਹਰਚੰਦ ਸਿੰਘ ਨੇ ਕਿਹਾ ਕਿ ਸਿੱਖ ਵਰਤਮਾਨ ਧਰਮ ਯੁਧ ਮੋਰਚੇ ਲਈ ਬਣਦਾ ਹਿਸਾ ਪਾਉਣ। ਉਹਨਾਂ ਵਖ ਵਖ ਸਿੱਖ ਸ਼ੰਪਰਦਾਵਾਂ ਨਿਹੰਗਾਂ ਤੇ ਹੋਰ ਸਿੱਖ ਜਥੇਬੰਦੀਆਂ ਨੂੰਗ ਅਪੀਲ ਕੀਤੀ ਕਿ ਉਹ ਹਰਮੰਦਰ ਸਾਹਿਬ ਦੀ ਪਵਿਤਰਤਾ ਦੀ ਰਾਖੀ ਲਈ ਹਰ ਕੁਰਬਾਨੀ ਲਈ ਤਿਆਰ ਰਹਿਣ।

ਇਹਨਾਂ ਨੇ ਹਰਿਆਣਾ ਦੇ ਗੁਰਦੁਆਰਿਆਂ ਵਿਚ ਗੁਰੂ ਗਰੰਥ ਸਾਹਿਬ ਨੂੰ, ਨਿਸ਼ਾਨ ਸਾਹਿਬ ਨੂੰ, ਸਾੜਨ ਸਿੱਖ ਔਰਤਾਂ ਦੀ ਬੇਇਜ਼ਤੀ ਕਰਨ ਅਤੇ ਬੇਗੁਨਾਹ ਸਿੱਖਾਂ ਨੂੰ ਕਤਲ ਕਰਨ ਦੀ ਜ਼ੋਰਦਾਰ ਨਿੰਦਾ ਕੀਤੀ।

## ਇਹ ਵੀ ਅਤਿਵਾਦੀਆਂ ਦੇ ਨਾਂਉਂ ਤੇ ——

ਬਠਿੰਡਾ — ਇਥੇ ਇਕ ਘਰ ਦੀ ਸੁਆਨੀ ਕੋਲ ਇਕ ਬੰਦਾ ਆਇਆ ਅਤੇ ਆਪਣੇ ਆਪ ਨੂੰ ਅਤਿਵਾਦੀਆਂ ਦੇ ਹੱਥਾਂ ਦਾ ਇਕ ਸ਼ਿਕਾਰ ਜ਼ਾਹਰ ਕੀਤਾ। ਪੁਲੀਸ ਵਿਚ ਦਰਜ ਕਰਾਈ ਰਿਪੋਰਟ ਅਨੁਸਾਰ ਉਸ ਨੇ ਕਿਹਾ ਕਿ ਅਤਿਵਾਦੀ ਉਸ ਦੀ ਲੜਕੀ ਨੂੰ ਲੈ ਗਏ ਹਨ ਅਤੇ ਉਸ ਮਾਇਕ ਸਹਾਇਤਾ ਦੀ ਲੋੜ ਹੈ ਕਿਉਂਕਿ ਅਤਿਵਾਦੀਆਂ ਨੇ 50000 ਰੁਪੈ ਮੰਗੇ ਹਨ ਅਤੇ ਜੇ ਇਹ ਰੁਪੈ ਨ ਦਿਤੇ ਗਏ ਤਾਂ ਉਸ ਦੀ ਲੜਕੀ ਨੂੰ ਅਤੇ ਉਸਨੂੰ ਖਤਮ ਕਰ ਦੇਣ ਦੀ ਧਮਕੀ ਦਿਤੀ ਗਈ ਹੈ। ਉਸ ਭਲੀ ਔਰਤ ਨੇ ਜੋ ਵੀ ਉਸ ਕੋਲ ਸੀ 500 ਰੁਪੈ ਦੇ ਦਿਤੇ। ਪੋਲੀਸ ਨੇ ਕੇਸ ਦਰਜ਼ ਕਰ ਲਿਆ ਹੈ। ਖਬਰ ਅਨੁਸਾਰ ਉਸ ਆਦਮੀ ਨੂੰ ਪਛਾਣ ਲਿਆ ਗਿਆ ਹੈ ਪਰ ਹਾਲੇ ਗ੍ਰਿਫਤਾਰੀ ਨਹੀਂ ਹੋ ਸਕੀ।

—ਭ ਰਤੀ

ਵਿਗਿਆਨੀ ਡਾ: ਬੀ. ਟੀ. ਲਿੰਗਪ, ਜਿਹੜ ਅਮਰੀਕਾ ਵਿਚ ਵਸੇ ਹੋਏ ਹਨ ਨੇ ਇਕ ਅਜਿਹਾ ਮੈਥੇਨ ਜੇਨਰੇਟਰ ਤਿਆਰ ਕੀਤਾ ਤੇ ਪੇਟੈਂਟ ਕਰਵਾਇਆ ਹੈ ਜਿਸ ਤੋਂ ਰੱਦੀ ਕਾਗਜ਼ਾਂ, ਪਤਿਆਂ, ਘਾਹ ਅਤੇ ਕੂੜੇ ਕਰਕਟ ਦੀ ਵਰਤੋਂ ਨਾਲ ਬਿਜਲੀ ਹਾਸਲਕੀਤੀ ਜਾ ਸਕਦੀ ਹੈ.

ਬੰਗਲੌਰ ਸ਼ਹਿਰ ਦੇ ਇਕ ਦਿਨ ਦੇ ਕੂੜੇ ਕਰਕਟਨਾਲ ਇਕ ਸੌ ਮੈਗਾਵਾਟ ਬਿਜਲੀ ਪੈਦਾ ਹੋ ਸਕਦੀ ਹੈ.

(ਬਾਕੀ ਪੰਨਾ 15 ਤੇ)

## ਫਿਰੋਜ਼ਪੁਰ — ਲੁਧਿਆਣਾ ਟ੍ਰੇਨ ਵਿਚ ਡਾਕਾ

ਲੁਧਿਆਣਾ — ਫਿਰੋਜਪੁਰ ਤੋਂ ਚੱਲੀ ਗੱਡੀ ਦੇ ਇਕ ਕੰਪਾਰਟਮੈਂਟ ਵਿਚ ਦਾਖਲ ਹੋਕੇ ਕੁਝ ਵਿਅਕਤੀਆਂ ਨੇ ਮੁਸਾਫਰਾਂ ਤੋਂ ਨਕਦੀ ਅਤੇ ਗਹਿਣੇ ਖੋਹਣੇ ਚਾਹੇ — ਮੁਸਾਫਰਾਂ ਦੇ ਰੌਲਾ ਪਾਉਣ ਤੇ ਉਨ੍ਹਾਂ ਨੇ ਗੋਲੀ ਚਲਾ ਦਿਤੀ ਜਿਸ ਨਾਲ ਦੋ ਮੁਸਾਫਰ ਮਾਰੇ ਗਏ ਅਤੇ 7 ਹੋਰ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ। ਡਾਕੂ ਰਾਤ ਦੇ ਸਮੇਂ ਦਾ ਫਾਇਦਾ ਉਠਾ ਕੇ ਅਲੋਪ ਹੋ ਗਏ।

## ਇਕ ਹੋਰ ਵਿਦਿਆਰਥਣ ਲਾਪਤਾ

ਸੰਗਰੂਰ — ਸਰਕਾਰੀ ਕਾਲਜ ਦੀ ਬੀ.ਐਸ.ਸੀ. ਭਾਗ ਦੋ ਦੀ ਇਕ ਵਿਦਿਆਰਥਣ ਕੁਮਾਰੀ ਸਾਰੰਗਾ ਨੂੰ ਪਿਛਲੇ ਵੀਰਵਾਰ ਅਗਵਾ ਕਰ ਲਿਆ ਗਿਆ ਹੈ।

ਲੜਕੀ ਦੇ ਪਿਤਾ ਨੇ ਦਸਿਆ ਹੈ ਕਿ ਸਾਰੰਗਾ ਵੀਰਵਾਰ ਨੂੰ ਆਮ ਵਾਂਗ ਸਵੇਰੇ ਨੌਂ ਬਜੇ ਘਰੋਂ ਕਾਲਜ ਲਈ ਗਈ ਪਰ ਵਾਪਸ ਨਹੀਂ ਆਈ।

## ਸ੍ਰੀਮਤੀ ਗਾਂਧੀ ਪੰਜਾਬ ਦਾ ਰਾਜ-ਭਾਗ ਅਕਾਲੀਆਂ ਹਵਾਲੇ ਕਰਨ ਲਈ ਤਿਆਰ

ਗੁਰਦਾਸਪੁਰ — ਬਹੁਤ ਹੀ ਭਰੋਸੇਯੋਗ ਸਿਆਸੀ ਸੂਤਰਾਂ ਤੋਂ ਪਤਾ ਲਗਾ ਹੈ ਕਿ ਪੰਜਾਬ ਦੀ ਵਿਗੜ ਚੁੱਕੀ ਸਥਿਤੀ ਨੂੰ ਧਿਆਨ ਵਿਚ ਰਖਕੇ ਕੇਂਦਰ ਨੇ ਪੰਜਾਬ ਦੇ ਮਸਲੇ ਦਾ ਪੂਰਨ ਤੌਰ ਤੇ ਨਿਪਟਾਰਾ ਕਰਨ ਲਈ ਯਤਨ ਆਰੰਭ ਕਰ ਦਿਤੇ ਹਨ। ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਪਾਸ ਵਿਸ਼ੇਸ਼ ਦੂਤ ਭੇਜਣ ਦਾ ਇਕ ਪ੍ਰਬੰਧ ਕੀਤਾ ਹੈ, ਉਸ ਰਾਹੀਂ ਦੱਸਿਆ ਗਿਆ ਹੈ ਕਿ ਕੇਂਦਰ ਅਕਾਲੀਆਂ ਨੂੰ ਪੰਜਾਬ ਦਾ ਰਾਜ-ਭਾਗ ਸੌਂਪਣ ਲਈ ਤਿਆਰ ਹੈ ਜਿਸ ਲਈ ਕਿ ਅਕਾਲੀ ਬੀਤੇ ਤਿੰਨ ਸਾਲਾਂ ਤੋਂ ਯਤਨਸ਼ੀਲ ਹਨ। ਇਸ ਲਈ ਸ਼ਰਤ ਇਹ ਲਾਈ ਗਈ ਹੈ ਕਿ ਅਕਾਲੀ ਪੰਜਾਬ ਵਿਚ ਰਾਜ ਸਭਾ ਅਤੇ ਲੋਕ ਸਭਾ ਦੀਆਂ ਚੋਣਾਂ ਖੁਦ ਲੜਨ ਦੀ ਥਾਂ ਕਾਂਗਰਸ ਦੀ ਸਹਾਇਤਾ ਕਰਨ ਜਦਕਿ ਅਸੰਬਲੀ ਚੋਣਾਂ ਵਿਚ ਸੱਤਾਧਾਰੀ ਪਾਰਟੀ ਅਕਾਲੀਆਂ ਵਿਰੁਧ ਆਪਣੇ ਉਮੀਦਵਾਰ ਖੜ੍ਹੇ ਨਹੀਂ ਕਰੇਗੀ। ਸਿੱਖਾਂ ਨੂੰ ਖੁਸ਼ ਕਰਨ ਲਈ ਹਰਿਆਣੇ ਦੀ ਭਜਨ ਲਾਲ ਸਰਕਾਰ ਨੂੰ ਡਿਸਮਿਸ ਕਰਨ ਲਈ ਵਿਚਾਰ ਵੀ ਕੀਤੀ ਗਈ ਹੈ। ਇਸਦੇ ਨਾਲ ਹੀ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇਗਾ ਅਤੇ ਪੰਜਾਬੀ ਬੋਲਦੇ ਖੇਤਰਾਂ ਲਈ ਇਕ ਭਾਸ਼ਾਈ ਕਮਿਸ਼ਨਰ ਨਿਸ਼ਚਿਤ ਕੀਤਾ ਜਾਵੇਗਾ। ਜਿਥੋਂ ਤੱਕ ਪਾਣੀਆਂ ਦੀ ਵੰਡ ਦਾ ਝਗੜਾ ਹੈ ਇਹ ਸੁਪਰੀਮ ਕੋਰਟ ਦੇ ਹਵਾਲੇ ਕਰ ਦਿਤਾ ਜਾਵੇਗਾ। ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਕੀਰਤਨ ਰੀਲੇਅ ਕਰਨ ਲਈ ਕੀਤਾ ਫੈਸਲਾ →


TOPS in STOPS

BRAKE TUNE-UP

ਟਿਊਨ-ਅੱਪ ਸਪੈਸ਼ਲ

8 ਸਲੰਡਰ ..... $49.99

6 ਸਲੰਡਰ ..... $44.99

4 ਸਲੰਡਰ ..... $39.99

- ਨਿਊ ਸਪਾਰਕ ਪਲੱਗ
- ਬੈਟਰੀ ਚੈਕਿਡ
- ਸੈਟ ਟਾਈਮਿੰਗ
- ਕਾਰਬੁਰੇਟਰ ਐਡਜਸਟਡ
- ਸਕੋਪ ਚੈਕ
- ਨਿਊ ਰੋਟਰ(ਜੇ ਲੋੜ ਹੋਵੇ)
- ਹੀਟ ਰਾਈਜਰ ਵਲਵ ਲੁਬਰੀਕੇਟਡ

ਸਟੈਂਡਰਡ ਇਗੀਨੇਸ਼ਨ ਵਹੀਕਲ ਲਈ $9.00

FREE BRAKE INSPECTION

ਫਰੰਟ ਡਿਸਕ ਬਰੇਕ ਪੈਕਜ਼ — $65.95

- ਮਸ਼ੀਨ ਰੋਟਰਜ਼
- ਰੀਪੈਕ ਬੀਅਰਿੰਗਜ
- ਇਨਸਟਾਲ ਨਿਊ ਪੈਡਜ
- ਸਰਵਿਸ ਸਲਾਈਡਜ
- ਰੋਡ ਟੈਸਟ ਕਾਰ

2 ਵੀਲ ਡਰੱਮ ਬਰੇਕ ਪੈਕਜ — $48.95

- ਮਸ਼ੀਨ ਡਰੱਮ
- ਰੀਪੈਕ ਬੀਅਰਿੰਗਜ਼(ਫਰੰਟ)
- ਇਨਸਟਾਲ ਨਿਊ ਲਾਈਨਿੰਗਜ
- ਐਡਜਸਟ ਬਰੇਕ
- ਰੋਡ ਟੈਸਟ ਕਾਰ

854-1234

32927 S. Fraser Way, Abbotsford (Across From Sevenoaks)



B.C.C.M. cooperative

ਬ੍ਰਿਟਿਸ਼ ਕੋਲੰਬੀਆ ਮਰਚੈਂਟਸ ਕੋਆਪ੍ਰੇਟਿਵ ਸਾਰਾ ਸਾਲ ਲਗਾਤਾਰ ਬੱਚਤ ਕਰਨ ਲਈ ਇਕ ਵਧੀਆ ਤਰੀਕਾ ਤੁਹਾਡੇ ਸਾਹਮਣੇ ਪੇਸ਼ ਕਰ ਰਿਹਾ ਹੈ। ਤੁਸੀਂ ਚਾਰੇ ਮੌਸਮਾਂ ਵਿਚ ਬੱਚਤ ਕਰ ਸਕਦੇ ਹੋ। ਪੂਰਾ ਸਾਲ ਬੱਚਤ ਦਾ ਸਾਲ ਬਣ ਸਕਦਾ ਹੈ।

ਜਿਥੇ ਵੀ B.C.C.M. ਦੀ ਸਾਈਨ ਦੇਖੋ, ਉਥੋਂ ਹੀ ਤੁਹਾਨੂੰ ਮੈਂਬਰਸ਼ਿਪ ਮਿਲ ਸਕਦੀ ਹੈ। ਹਰ ਰੋਜ਼ ਨਵੇਂ ਵਾਪਾਰੀ ਮੈਂਬਰ ਬਣ ਰਹੇ ਹਨ।

ਡਰਾਅ ਵਿਚ ਸ਼ਾਮਲ ਹੋਵੋ।

ਕਿਸੇ B.C.C.M. ਮੈਂਬਰ ਵਾਪਾਰੀ ਕੋਲ ਪਹੁੰਚੋ

ਹੁਣੇ ਸ਼ਾਮਲ ਹੋਵੋ — ਸਾਰਾ ਸਾਲ ਬੱਚਤ ਕਰੋ — ਸ਼ਾਮਲ ਵਪਾਰੀਆਂ ਕੋਲ ਪਹੁੰਚੋ



VIDEO MART

GUARANTEED CLEAR PRINTS

3369 'A' KINGSWAY (near Joyce) VANCOUVER, 438-3355

ਸਾਡੇ ਕੋਲੋਂ ਤੁਹਾਨੂੰ ਹਰ ਤਰ੍ਹਾਂ ਦੀਆਂ ਪੰਜਾਬੀ, ਹਿੰਦੀ, ਗੁਜਰਾਤੀ ਮੂਵੀਆਂ ਮਿਲ ਸਕਦੀਆਂ ਹਨ। ਵੀਡੀਓ ਮਸ਼ੀਨਾਂ ਤੇ ਟੀ. ਵੀ. ਵੀ ਮਿਲਦੇ ਹਨ।

GUARANTEED PRINTS

FAST SERVICE GUARANTEED MAIL ORDERS ACCEPTED

ਵਧੀਆ ਪ੍ਰਿੰਟਾਂ ਲਈ ਹਮੇਸ਼ਾ ਕਿੰਗਜ਼ਵੇ ਤੇ ਵੀਡੀਓ ਮਾਰਟ ਨੂੰ ਯਾਦ ਰੱਖੋ

NARINDER JASWAL JOGA S. MANN

# AMBIKA'S

5125 VICTORIA DRIVE, VANCOUVER, B.C. **327-0295**

NO CHEQUE — ਸੇਲ 31 ਮਾਰਚ ਤੱਕ ਚੱਲੇਗੀ — CASH & CARRY

| | | |
|---|---|---|
| ਲੌਂਗ ਗਰੇਨ ਚਾਵਲ Long Grain Rice **$10.99** 20 kg. 44 lb. | Atta FARINE ਆਟਾ **$4.49** 10 kg. | Vegetable Oil ਵੈਜੀਟੇਬਲ ਤੇਲ **$16.98** 16 litre pail |
| Almonds ਬਦਾਮ **$6.89** 3 lb. | Sugar ਖੰਡ **$5.99** with this coupon | Chickpeas ਕਾਬਲੀ ਛੋਲੇ 2 14 oz. cans for **$0.99** |

ਬੇਸਣ Pea Flour [besan] 2 kg. **$0.99**

| | |
|---|---|
| Panch Ranga Achar **$1.49** tin ਪਚਰੰਗਾ ਆਚਾਰ | Rooh Afza HAMDARD **$3.99** bottle ਰੂਹ ਅਫਜ਼ਾ |

| | | |
|---|---|---|
| Shona Saag ਸ਼ੋਹਣਾ ਸਾਗ 2 tin for **$0.99** | Moth ਮੋਠ 2 can for **$0.99** | Apple Juice ਐਪਲ ਜੂਸ blue label - each **$0.98** |

Grind Your Own Masala

| | | |
|---|---|---|
| Haldi ਹਲਦੀ **$0.99** lb. | Mirch Chilli Powder - Hot **$0.99** lb. ਮਿਰਚ | ਬਾਸਮਤੀ ਚਾਵਲ Basmati Rice **$0.69** lb. |
| Moong Whole ਸਾਬਤ ਮੂੰਗੀ **$0.49** lb. | Massar ਮਸਰ **$0.29** lb. | Manh Daal **$0.49** lb. ਮਾਂਹ ਦੀ ਦਾਲ |

Gits Mixee ਗਿਟਸ ਮਿਕਸ — from JALEBI MIX - GULAB JAMUN MIX EDLI MIX - VADAI MIX — each packet **$0.99**

Butter Salted **$2.19** lb. ਲੂਣ ਵਾਲਾ ਘਿਓ

| | |
|---|---|
| Corn Oil ਮੱਕੀ ਦਾ ਤੇਲ **$23.99** 16 litre | Safflo Oil **$5.49** 3 litre ਸੇਫਲੋ ਤੇਲ |
| Chicken Legs **$1.37** lb. ਮੁਰਗੇ ਦੀਆਂ ਲੱਤਾਂ | Stewing Chicken **$0.69** lb. ਸਟਿਊਂਗ ਚਿਕਨ |

**Best Price in Town**

WHILE QUANTITIES LAST

We Reserve the Right to Limit Quantities — Prices Subject to Change Without Notice

# ਭਾਰਤ ਦਰਪਣ

## ਸਿੱਖਾਂ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾ ਰਿਹਾ— ਗਿਆਨੀ

ਨਵੀਂ ਦਿੱਲੀ — ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਥਾਨਕ ਮਾਤਾ ਸੁੰਦਰੀ ਕਾਲਜ ਵਿਚ ਮਾਤਾ ਸੁੰਦਰੀ ਦਿਵਸ ਤੇ ਬੋਲਦਿਆਂ ਭਾਰਤ ਦੇ ਪਰਧਾਨ ਗਿਆਨੀ ਜ਼ੈਲ ਸਿੰਘ ਨੇ ਕਿਹਾ ਕਿ ਕੁਝ ਵਿਅਕਤੀ ਇਹ ਝੂਠਾ ਪ੍ਰਾਪੇਗੰਡਾ ਕਰ ਰਹੇ ਹਨ ਕਿ ਸਿੱਖਾਂ ਨਾਲ ਕਿਸੇ ਪ੍ਰਕਾਰ ਦਾ ਵਿਤਕਰਾ ਕੀਤਾ ਜਾ ਰਿਹਾ ਹੈ ਅਤੇ ਸਿੱਖ ਇਥੇ ਦੂਜੀ ਸ਼੍ਰੇਣੀ ਦੇ ਸ਼ਹਿਰੀ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਵੱਡਾ ਝੂਠ ਹੋਰ ਕੀ ਹੋ ਸਕਦਾ ਹੈ?

## ਹਾਦਸਿਆਂ ਦਾ ਮੌਜੂਦਾ ਰੁਝਾਨ 16 ਸਾਲਾਂ 'ਚ 6 ਲੱਖ ਜਾਨਾਂ ਲਏਗਾ

ਨਵੀਂ ਦਿੱਲੀ — ਆਵਾਜਾਈ ਵਿਚ ਜੇ ਹਾਦਸਿਆਂ ਦਾ ਮੌਜੂਦਾ ਰੁਝਾਨ ਜਾਰੀ ਰਿਹਾ ਤਾਂ ਹੁਣ ਤੋਂ ਲੈਕੇ ਸਦੀ ਦੇ ਅੰਤ ਤਕ 60 ਲਖ ਲੱਖ ਤੋਂ ਵਧ ਲੋਕ ਮਾਰੇ ਜਾਣਗੇ ਅਤੇ 35 ਕਰੋੜ ਤੋਂ ਵਧ ਲੋਕ ਫਟੜ ਹੋਣਗੇ।

ਇਹ ਚਿਤਾਵਨੀ ਭਵਿਖਬਾਣੀ ਸਟਾਕਹੋਮ ਸਥਿਤ ਹਾਦਸਿਆਂ ਅਤੇ ਆਵਾਜਾਈ ਸੁਧਾਰ ਲਈ ਕੌਮਾਂਤਰੀ ਐਸੋਸੀਏਸ਼ਨ ਦੇ ਰਸਾਲੇ ਦੇ ਤਾਜ਼ਾ ਅੰਕ ਵਿਚ ਕੀਤੀ ਗਈ ਹੈ।

## ਰਾਜ ਕਪੂਰ ਦਾ ਬੰਗਲਾ ਨੀਲਾਮ ਕਰ ਦਿੱਤਾ ਗਿਆ

ਬੰਬਈ — ਇੰਕਮ ਟੈਕਸ ਵਾਲਿਆ ਨੇ ਇਥੇ ਪ੍ਰਸਿੱਧ ਫਿਲਮ ਨਿਰਮਾਤਾ ਅਤੇ ਫਿਲਮ ਐਕਟਰ ਰਾਜ ਕਪੂਰ ਦਾ ਖਾਰ ਵਿਖੇ ਸਥਿਤ ਬੰਗਲਾ ਨੀਲਾਮ ਕਰ ਦਿਤਾ ਹੈ। ਇਸ ਤਰਾਂ 8.7 ਲੱਖ ਦੀ ਵਸੂਲੀ ਹੋ ਗਈ ਹੈ। ਸ੍ਰੀ ਰਾਜ ਕਪੂਰ ਵਲ ਇੰਕਮ ਟੈਕਸ ਦਾ 37 ਲਖ ਰੁਪਿਆ ਦਸਿਆ ਜਾਂਦਾ ਹੈ।

## ਭਾਰਤੀ ਨਾਰੀਆਂ ਹਿਮਾਲਾ ਪਰਬਤ ਦੇ ਸਿਖਰ ਵਲ

ਨਵੀਂ ਦਿੱਲੀ — ਭਾਰਤੀ ਪਰਬਤ ਆਰੋਹੀਆਂ ਦੀ ਇਕ ਟੋਲੀ ਦਿੱਲੀ ਤੋਂ ਕਠਮੰਡੂ ਨੂੰ ਤੁਰ ਪਈ ਹੈ। ਇਹ ਪਰਬਤ ਆਰੋਹੀ ਇਸ ਸਾਲ ਦੁਨੀਆਂ ਦੀ ਸਭ ਤੋਂ ਉਚੀ ਚੋਟੀ ਮੌਂਟ ਐਵਰਸਟ ਤੇ ਚੜਣ ਦਾ ਯਤਨ ਕਰਨਗੇ। ਇਸ ਔਲੀ ਦੇ 20 ਮੈਂਬਰਾਂ ਵਿਚ 6 ਭਾਰਤੀ ਔਰਤਾਂ ਵੀ ਸ਼ਾਮਲ ਹਨ। ਇਹਨਾਂ ਦੇ ਆਗੂ ਕਰਨਲ ਖੁਲਰ ਨੇ ਕਿਹਾ ਹੈ ਕਿ ਉਹ ਇਹ ਯਤਨ ਕਰਨਗੇ ਕਿ ਦੁਨੀਆਂ ਦੇ ਸਿਖਰ ਤੇ ਵਧ ਤੋਂ ਵਧ ਇਸਤਰੀ ਪਰਬਤ ਆਰੋਹੀਆਂ ਨੂੰ ਪੁਚਾ ਦਿਤਾ ਜਾਵੇ।

## 40 ਫੌਜੀ ਅਫਸਰ ਗ੍ਰਿਫਤਾਰ ਕੀਤੇ ਗਏ

ਲੰਦਨ — ਇਥੋਂ ਦੇ ਇਕ ਪ੍ਰਸਿਧ ਹਫਤਾਵਾਰੀ ਅਖਬਾਰ 'ਐਕਨੌਮਿਸਟ' ਅਨੁਸਾਰ ਪਾਕਿਸਤਾਨ ਵਿਚ 40 ਦੇ ਕਰੀਬ ਫੌਜੀ ਅਫਸਰ ਜ਼ਿਆ ਸਰਕਾਰ ਵਿਰੋਧੀ ਕਾਰਵਾਈਆਂ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਏ ਗਏ ਹਨ। ਖਬਰ ਅਨੁਸਾਰ ਇਹ ਸਾਰੇ ਅਫਸਰ ਪੰਜਾਬ ਵਿਚ ਗ੍ਰਿਫਤਾਰ ਕੀਤੇ ਗਏ ਹਨ ਅਤੇ ਬੁਹਤ ਕਰਕੇ 'ਮੇਜਰ' ਦੇ ਰੈਂਕ ਦੇ ਅਫਸਰ ਹਨ।

## ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ, ਵਿੰਨੀਪੈੱਗ ਵਲੋਂ ਪ੍ਰੀਤਲੜੀ ਦੇ ਸੰਪਾਦਕ ਸੰਬੰਧੀ ਸ਼ੋਕ ਮਤਾ

ਉਪਰੋਕਤ ਸਭਾ ਸ: ਸੁਮੀਤ ਸਿੰਘ ਦੇ ਦਰਦਨਾਕ ਤੇ ਵਹਿਸ਼ੀਆਨਾ ਕਤਲ ਦਾ ਪੂਰੀ ਤਰ੍ਹਾਂ ਵਿਰੋਧ ਕਰਦੀ ਹੈ। ਆਸਾਡੀ ਸਭਾ ਉਸਦੇ ਪਰਵਾਰ ਦੇ ਦੁੱਖ ਨੂੰ ਆਪਣਾ ਦੁੱਖ ਸਮਝਦੀ ਹੈ ਦਿਲੋਂ ਹਮਦਰਦੀ ਰੱਖਦੀ ਹੈ।

ਪ੍ਰੀਤ ਦੀ ਇਸ ਮਾਲਾ ਦਾ ਵਿਖਰਣਾ ਪੰਜਾਬੀ ਸਾਹਿਤ ਲਈ ਅਸਹਿ ਠੇਸ ਹੈ। ਜੇ ਇਹ ਫਿਰਕਾਪ੍ਰਸਤਾਂ, ਅਤਿਵਾਦੀਆਂ ਤੇ ਵੱਖਵਾਦੀਆਂ ਦੀ ਘਿਨਾਉਣੀ ਕਰਤੂਤ ਹੈ, ਤਦ ਉਹ ਸੁਮੀਤ ਵਰਗੇ ਪੰਜਾਬੀ ਸਾਹਿਤਕਾਰ ਉਪਰ ਵਹਿਸ਼ੀਆਨਾ ਹਮਲਾ ਕਰਨ ਤੋਂ ਸੌ ਵਾਰ ਸੋਚਣ।

ਅਸੀਂ ਪੰਜਾਬ ਦੇ ਸਾਰੇ ਬੁੱਧੀਜੀਵੀਆਂ, ਰਾਜਨੀਤਕਾਂ ਤੇ ਆਮ ਜੰਤਾ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਉਹ ਸੁਮੀਤ ਦੇ ਕਾਤਲਾਂ ਨੂੰ ਫੜਨ ਵਿੱਚ ਸਰਕਾਰ ਤੇ ਪੂਰਾ ਦਬਾਅ ਪਾਉਣ।

ਤੇ ਅਸੀਂ ਪੰਜਾਬੀਆਂ ਤੋਂ ਪੂਰੀ ਆਸ ਕਰਦੇ ਹਾਂ ਕਿ ਉਹ ਭਰਾ ਦੇ ਹੱਥੋਂ ਭਰਾ ਦਾ ਕਤਲ ਬੰਦ ਕਰਨ। ਆਪਣੇ ਵਿਰਸੇ ਤੇ ਨਜ਼ਰ ਮਾਰੋ ਤੇ ਪੰਜਾਬੀਅਤ ਦੀ ਸ਼ਾਨ ਨੂੰ ਉਚਾ ਚੁੱਕਦੇ ਹੋਏ, ਇਨ੍ਹਾਂ ਅਤਿਵਾਦੀ ਅੰਸ਼ਾਂ ਦਾ ਬਣਦਾ ਤੇ ਡੱਟਵਾਂ ਵਿਰੋਧ ਕਰੋ।

ਯੁਵਰਾਜ ਸਿੰਘ ਰਤਨ
ਕਨਵੀਨਰ




## ਇਕ ਫੌਜੀ ਅਫਸਰ ਨੂੰ ਗੋਲੀ ਮਾਰ ਦਿਤੀ ਗਈ

ਜੰਮੂ — ਇਥੋਂ ਨੇੜੇ ਨੌਸ਼ਹਿਰਾ ਸੈਕਟਰ ਵਿਚ ਇਕ ਜਵਾਨ ਨੇ ਇਕ 'ਕਪਤਾਨ' ਨੂੰ ਗੋਲੀ ਮਾਰ ਕੇ ਹਲਾਕ ਕਰ ਦਿਤਾ ਹੈ। ਖਬਰ ਅਨੁਸਾਰ ਜਵਾਨ ਉਸ ਅਫਸਰ ਵਲੋਂ ਉਸ ਦੇ ਮਿਤਰ ਵਿਰੁਧ ਕੀਤੀ ਗਈ ਇਨਕੁਐਰੀ ਤੋਂ ਸੰਤੁਸ਼ਟ ਨਹੀਂ ਨਹੀਂ ਸੀ। ਮਰਨ ਵਾਲੇ ਅਫਸਰ ਦਾ ਨਾਂਉਂ "ਕੈਪਟਲ ਐਸ ਕੇ ਮਿਤਰਾ' ਦਸਿਆ ਜਾਂਦਾ ਹੈ।

## ਭਾਰਤ ਦੇ ਪ੍ਰਧਾਨ ਦੀ ਅਮਰੀਕਾ ਯਾਤਰਾ

ਨਵੀਂ ਦਿੱਲੀ — ਭਾਰਤ ਦੇ ਪ੍ਰਧਾਨ ਗਿਆਨੀ ਜ਼ੈਲ ਸਿੰਘ 21 ਅਪ੍ਰੈਲ ਤੋਂ ਦੋ ਹਫਤਿਆਂ ਦੇ ਸਰਕਾਰੀ ਦੌਰੇ ਤੇ ਮੈਕਸੀਕੋ ਅਤੇ ਅਰਜਨਟਾਇਨਾ ਆ ਰਹੇ ਹਨ। ਇਹ ਉਨ੍ਹਾਂ ਦਾ ਇਸ ਇਲਾਕੇ ਦਾ ਪਹਿਲਾ ਦੌਰਾ ਹੋਵੇਗਾ ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ 1968 ਵਿਚ ਇਹ ਦੌਰਾ ਕਰ ਚੁੱਕੇ ਹਨ।




General Tours and Travel Service

LOW LOW RATES TO : India, Pakistan, Bangladesh & Ceylon on Air India, Pakistan Airlines, Kuwait , Air France, KLM Or Any Airline of your choice.



ASHOK PURI

261 KENNEDY STREET, WINNIPEG,
MANITOBA, R3C 1T2
Ph. [204]943-0596

SWANSON
Walls & Floors LTD.
33212 First Ave., Mission    Phone 826-5511
VISA

ਸਵੈਨਸਨ
ਵਾਲਜ਼ ਐਂਡ ਫਲੋਰਜ਼(ਲਿ:)

ਸ਼ੀਟ ਵੀਨਾਇਲ(ਪੇਪਰ) $3.99 (ਇਕ ਗਜ਼)

ਬੈੱਡਰੂਮ ਅਤੇ ਬੇਸਮੈਂਟ ਰੂਮ ਕਾਰਪਿਟ $5.45 (ਇਕ ਗਜ਼)

ਇਨ ਡੋਰ/ਆਊਟ ਡੋਰ ਲੇਟੈਕਸ ਚਿੱਟਾ ਪੇਂਟ ਫਲੇਟ $12.99 (4 ਲਿਟਰ)

ਵਾਲ ਮਿਊਲਜ਼ (8 ਫੁੱਟ x 11 ਫੁੱਟ) $29.00 (ਇਕ) (ਰੈਗੂਲਰ $98.00)

ਕਸਟਮ ਡਰੇਪਸ ਤੇ ਕੀਮਤਾਂ ਵਿਚ ਭਾਰੀ ਕਟੌਤੀ
30% - 60%

ਡਰੇਪਸ ਤੇ ਕਾਰਪੇਟ ਲਈ ਐਸਟੀਮੇਟ ਫ਼ਰੀ
ਜੈਨਟ ਨੂੰ ਫ਼ੋਨ ਕਰੋ

# ਸਾ ਹਿ ਤ ਦ ਰ ਪ ਣ

## ਕਹਾਣੀ :

## ਕੁਆਰ ਗੰਦਲ

**ਖਾਲਿਦ ਹੁਸੈਨ**

ਕਲ ਰਾਤ ਜਿਹੜੀ ਨ੍ਹੇਰੀ ਝੁੱਲੀ — ਜਿਹੜਾ ਝਖੜ ਚਲਿਆ — ਜਿਹੜੀ ਬਿਜਲੀ ਡਿੱਗੀ ———ਓਸ ਵਿਚ ਤੁਹਾਨੂੰ ਪਤਾ ਏ ਬਈ ਕਿਸ ਕਿਸ ਦਾ ਘਰ ਉਜੱੜ ਗਿਆ ? ਨਹੀਂ ਪਤਾ ? — ਭਲਾ — ਤੁਹਾਨੂੰ ਕਿਵੇਂ ਪਤਾ ਹੋਵੇ — ਇਥੇ ਕੌਣ ਕਿਸੇ ਦੀ ਸਾਰ ਰਖਦਾ ਏ — ਇਥੇ ਤਾਂ ਸਾਰੇ ਆਪਣੇ ਆਪਣੇ ਰੰਗ ਮਹਿਲੀਂ ਮਸਤ ਰਹਿੰਦੇ ਨੇ —— ਖੈਰ —— ਆਓ ਮੈਂ ਤੁਹਾਨੂੰ ਦੱਸਾਂ ਕਿ ਕਲ ਰਾਤ ਦੇ ਤੂਫਾਨ ਵਿਚ ਜੁਲਾਹਿਆਂ ਦੀ ਠੱਠੀ ਦੇ ਕਿਸ ਕਿਸ ਘਰ ਉਤੇ ਬਿਜਲੀ ਡਿੱਗੀ —— ਕਿਸ ਕਿਸ ਦੀਆਂ ਕੰਧਾਂ ਕੰਬੀਆਂ —— ਕਿਹੜੇ ਕਿਹੜੇ ਮਕਾਨ ਦੀਆਂ ਦੀਵਾਰਾਂ ਢੱਠੀਆਂ —— ਮਲਬੇ ਹੇਠ ਕੌਣ ਕੌਣ ਦਬ ਕੇ ਮਰ ਗਿਆ —— ਸਾਈਂ ਮੰਗਲਾ! - ਆਹੋ ਜਿਹੜਾ ਤਾਵੀਜ਼ ਧਾਗਾ ਦੇਣ ਦਾ ਧੰਦਾ ਕਰਦਾ ਸੀ ਤੇ ਅੱਲ੍ਹਾ ਹੂ ਦੀਆਂ ਫੂਕਾਂ ਮਾਰਦਾ ਸੀ — ਓਹਦਾ ਤਕੀਆ ਸੜ ਗਿਆ ਤੇ ਉਹ ਚੁੰਝੂ ਦੇ ਸੂਟੇ ਵਿਚ ਹੀ ਹਮੇਸ਼ਾ ਲਈ ਅਲ੍ਹਾ ਹੋ ਗਿਆ —— ਆਸ਼ਾਂ ਨੈਣ ਦਾ ਕੋਠਾ — ਸ਼ੇਦੇ ਠਠਿਆਰ ਦੀ ਕੁੱਲੀ — ਮਿਲਖੀ ਰਾਮ ਦੀ ਦੁਕਾਨ — ਗੁਲਾਮ ਪਾਂਡੀ ਦਾ ਖੋਖਾ — ਸਭ ਸੁਆਹ ਢੇਰੀ ਹੋ ਗਿਆ — ਤੇ ਬਿਜਲੀ ਜਾਮੀ ਤਰਖਾਨ ਦੇ ਮਕਾਨ ਤੇ ਵੀ ਡਿੱਗੀ — ਜਿਸ ਦੇ ਇਕ ਕਮਰੇ ਵਿਚ ਗੁੱਲਾਂ ਪਈ ਸੁਤੀ ਸੀ —— ਗੁੱਲਾਂ —— ਜਾਮੀ ਤਰਖਾਨ ਦੀ ਨਿੱਕੀ ਨੂੰਹ — ਨਸੀਰੇ ਦੀ ਵਹੁਟੀ — ਜਾਜੀ ਦੀ ਭਰਜਾਈ —— ਪਰ ਬਿਜਲੀ ਡਿੱਗਣ ਨਾਲ ਜਾਮੀ ਦਾ ਮਕਾਨ ਸੜਿਆ ਨਹੀਂ — ਢੱਠਾ ਵੀ ਨਹੀਂ — ਸਿਰਫ ਉਹ ਕਮਰਾ ਕੰਬਿਆ ਜਿਸ ਵਿਚ ਵਿਛੀ ਇਕ ਮੰਜੀ ਤੇ ਗੁੱਲਾਂ ਮਸਤ ਨੱਦਰੇ ਸੁਤੀ ਪਈ ਸੀ — ਕਿਉਂ ਜੋ ਬਿਜਲੀ ਸਿੱਧੀ ਗੁਲ੍ਹਾਂ ਉਤੇ ਹੀ ਡਿੱਗੀ ਸੀ —— ਗੁੱਲਾਂ ਤੇ ਪੈਣ ਵਾਲੀ ਬਿਜਲੀ ਨਾਲ ਮੰਜੀ ਦੀਆਂ ਚੂਲਾਂ ਹਿਲੀਆਂ — ਵਿਹੜੇ ਲਗਾ ਢੱਲਣ ਦਾ ਬੂਟਾ ਚੀਕਿਆ ਪਰ ਹਰ ਪਾਸੇ ਨ੍ਹੇਰੀ ਤੇ ਝੱਖੜ ਨਾਲ ਧੁੰਦ ਖਿਲਰੀ ਹੋਈ ਸੀ — ਉਹਦੀਆਂ ਸ਼ਾਂ ਸ਼ਾਂ ਕਰਦੀਆਂ ਚੀਕਾਂ ਕਿਸੇ ਨਹੀਂ ਸੁਣੀਆਂ — ਗੋਲੀ ਜੋਗੀ ਬਿਜਲੀ ਆਪਣਾ ਕੰਮ ਕਰ ਗਈ — ਗੁੱਲਾਂ ਦਾ ਸਾਰਾ ਸਰੀਰ ਝੁਲਸ ਗਿਆ —

ਗੁੱਲਾਂ ਇਕ ਯਤੀਮ ਕੁੜੀ ਸੀ — ਉਸਦੇ ਮਾਪੇ, ਭੈਣ ਭਰਾ ਸਭ ਫਿਰਕੂ ਰੌਲਿਆਂ ਵਿਚ ਮੁੱਕ ਚੁਕ ਗਏ ਸਨ — ਕਿਸੇ ਦੂਰ ਦੇ ਮਾਮੇ ਦੇ ਘਰ ਪਲੀ ਗੁੱਲਾਂ —— ਲੂਣ ਮਿਰਚ ਅਚਾਰ ਦੇ ਨਾਲ ਬਿਹੀਆਂ ਸੁਕੀਆਂ ਰੋਟੀਆਂ ਖਾਣ ਤੇ ਗਾਲ੍ਹਾਂ ਝਿੜਕਾਂ ਅਤੇ ਫਟਕਾਰਾਂ ਦੀ ਲੱਸੀ ਪੀਣ ਦੇ ਬਾਵਜੂਦ ਵੀ ਜੰਗਲੀ ਫੁਲ ਵਾਂਗਰ ਖੂਬ ਖਿੜੀ — ਜਦ ਉਹਦਾ ਜੋਬਨ ਮੈਲੇ ਕਪੜਿਆਂ ਵਿਚ ਦੀ ਫੁੱਟ ਫੁੱਟ ਕੇ ਬਾਹਰ ਨਿਕਲਣ ਲੱਗਾ ਤੇ ਉਹਦੀ ਜਵਾਨੀ ਧਰਤੀ ਤੇ ਚਾਨਣ ਖਲੇਰਣ ਲਗੀ ਤਾਂ ਉਸ ਦੇ ਮਾਮੇ ਨੇ ਜਾਮੀ ਤਰਖਾਨ ਦੇ ਨਿੱਕੇ ਗਦਰੇ ਨਸੀਰੇ ਨਾਲ ਦੇਸੀ ਚਾਹ ਤੇ ਅਰਬੀ ਖਜੂਰਾਂ ਤੇ ਗੁੱਲਾਂ ਦਾ ਸਾਕ ਜੋੜ ਦਿਤਾ — ਗੁੱਲਾਂ ਵਹੁਟੀ ਬਣ ਕੇ ਜੁਲਾਹਿਆਂ ਦੀ ਠੱਠੀ ਵਿਚ ਆ ਗਈ — ਉਹ ਨਵੇਂ ਘਰ ਤੇ ਨਵੇਂ ਮਾਹੌਲ ਵਿਚ ਆਕੇ ਖੁੱਸ਼ ਸੀ — ਉਹਨੇ ਸੱਸ ਸੌਹਰੇ ਨੂੰ ਹੀ ਮਾਪੇ ਮੰਨ ਲਿਆ ਤੇ ਉਹਨਾਂ ਦੀ ਸੇਵਾ ਕਰਨ ਲੱਗੀ — ਨਸੀਰੇ ਦੇ ਮਾਂ ਪਿਓ ਨੇ ਵੀ ਗੁੱਲਾਂ ਨੂੰ ਧੀਆਂ ਵਾਂਗ ਰਖਿਆ — ਗੁੱਲਾਂ ਪਿਆਰ ਦੇ ਨਿਘ ਵਿਚ ਜੀਉਣ ਲਗੀ ਪਰ ਇਸ ਪਿਆਰ ਦੇ ਕੋਸੇ ਕੋਸੇ ਸੇਕ ਨੂੰ ਕਦੇ ਕਦੇ ਨਸੀਰਾ ਸ਼ਰਾਬੀ ਹੌਕੇ ਠੰਡਿਆਂ ਕਰ ਦੇਂਦਾ — ਜੁਲਾਹਿਆਂ ਦੀ ਠੱਠੀ ਵਿਚ ਦੇਸੀ ਸ਼ਰਾਬ ਦੀ ਸਰਕਾਰੀ ਦੁਕਾਨ ਤੋਂ ਇਲਾਵਾ ਆਂਡ ਗੁਆਂਡ ਵਿਚ ਨਾਜਾਇਜ਼ ਸ਼ਰਾਬ ਦੀਆਂ ਕਈ ਭੱਠੀਆਂ ਹੋਣ ਕਾਰਨ ਉਂਝ ਤਾਂ ਸਾਰਾ ਪਿੰਡ ਹੀ ਸ਼ਰਾਬ ਦਾ ਸ਼ੌਂਕੀ ਸੀ ਪਰ ਨਸੀਰਾ ਜਿਨਾਂ ਖੁੱਲ ਕੇ ਰੰਦਾ ਫੇਰਦਾ ਓਨੀ ਹੀ ਖੁੱਲ ਕੇ ਸ਼ਰਾਬ ਵੀ ਪੀਂਦਾ ਸੀ ਤੇ ਗੁੱਲਾਂ ਦੇ ਟੋਕਣ ਤੇ ਉਸ ਨਾਲ ਝਗੜਣ ਲਗਦਾ ਅਤੇ ਨਸ਼ੀਲੇ ਗੁੱਸੇ ਵਿਚ ਗਾਲ੍ਹਾਂ ਦੇ ਛੱਜ ਦੇ ਛੱਜ ਖਾਲੀ ਕਰ ਛਡਦਾ ਤੇ ਘਰ ਦੇ ਨਿੱਘੇ ਮਾਹੌਲ ਵਿਚ ਫਿਕ ਪਾ ਛਡਦਾ — ਫੇਰ ਸੁਹਾਗ ਦਾ ਸੂਹਾ ਜੋੜਾ ਫਟਣ ਦੇ ਨਾਲ ਨਾਲ ਉਹ ਵੀ ਇੱਟ ਦਾ ਜਵਾਬ ਪੱਥਰ ਨਾਲ ਦੇਣ ਲੱਗੀ — ਇੰਝ ਗਾਲ੍ਹਾਂ ਦੇ ਬਟੇਰ ਲੜਦੇ ਰਹਿੰਦੇ — ਕਦੇ ਕਦੇ ਦੋਹਾਂ ਦੇ ਹੱਥ ਪੈਰ ਵੀ ਇਕ ਦੂਜੇ ਤੇ ਚਲਣ ਲਗਦੇ — ਲੱਤਾਂ ਚੰਡਾਂ ਤੇ ਘਸੁਨ ਖਾਕੇ ਗੁੱਲਾਂ ਰੋਣ ਲਗਦੀ — ਚੀਕਣ ਲਗਦੀ — ਤੇ ਨਸੀਰੇ ਨੂੰ ਰੱਜ ਕੇ ਬਦ-ਦੁਆਵਾਂ ਕਢਦੀ — ਬੇਬੇ ਨਸੀਰੇ ਨੂੰ ਫੜਦੀ — ਕਦੇ ਉਹਨੂੰ ਗਾਲ੍ਹਾਂ ਕਢਦੀ ਤੇ ਕਦੇ ਆਪਣੀ ਕੁੱਖ ਨੂੰ ਬੁਰਾ ਭਲਾ ਕਹਿੰਦੀ — ਆਂਡ ਗੁਆਂਡ ਵਾਲੇ ਬਨੇਰਿਆਂ ਤੇ ਚੜ੍ਹ ਕੇ ਤਮਾਸ਼ਾ ਵੇਖਦੇ — ਆਖਰ ਗੁੱਲਾਂ ਦਾ ਜੇਠ ਜਾਜੀ ਨਸੀਰੇ ਦੀ ਮੱਤ ਠਕਾਣੇ ਲਗਾਂਦਾ ਤੇ ਘਰ ਦੀ ਅਸ਼ਾਨਤੀ ਨੂੰ ਸ਼ਾਂਤ ਕਰ ਦੇਂਦਾ —

ਫੇਰ ਗੁੱਲਾਂ ਦੀ ਖੌਰੇ ਕੇਹੜੀ ਬਦ-ਦੁਆ ਨਸੀਰੇ ਤੇ ਸਿੱਧੀ ਪਈ ਕਿ ਉਹ ਸਰਾਫਾਂ ਦੇ ਘਰ ਦੀਆਂ ਅਲਮਾਰੀਆਂ ਬਨਾਉਣ ਲਈ ਆਰੇ ਤੇ ਲਕੜੀ ਕੀ ਚਿਰਾਨ ਗਿਆ ਕਿ ਚਲਦੀ ਮਸ਼ੀਨ ਦਾ ਪਟਾ ਟੁਟਿਆ ਤੇ ਉਹਦੀਆਂ ਵੀ ਲੀਰਾਂ ਕਰ ਗਿਆ — ਨਸੀਰੇ ਦੀ ਲਾਸ਼ ਨੂੰ ਦੇਖ ਕੇ ਗੁੱਲਾਂ ਨੇ ਜੇਹੜੀ ਚੀਕ ਮਾਰੀ ਸੀ ਉਸ ਨਾਲ ਸਾਰੀ ਠੱਠੀ ਦਾ ਦਿਲ ਹਿਲ ਗਿਆ ਸੀ — ਉਹ ਛਾਤੀ ਤੇ ਦੁਹੱਥੜ ਮਾਰ ਮਾਰ ਕੇ ਵੈਣ ਕਰਨ ਲਗੀ — ਓਹਨੇ ਆਪਣੇ ਸਾਰੇ ਵਾਲ ਪੁੱਟ ਛੱਡੇ — ਉਹ ਆਪਣੇ ਤਿੰਨਾਂ ਸਾਲਾਂ ਦੇ ਗੁਲਜ਼ਾਰੇ ਤੇ ਇਕ ਸਾਲ ਦੇ ਯੂਸਫੇ ਨੂੰ ਘੁੱਟ ਘੁੱਟ ਕੇ ਜੱਫੀਆਂ ਪਾਉਂਦੀ ਅਤੇ ਉਨ੍ਹਾ ਦੀ ਯਤੀਮੀ ਦਾ ਮਰਸੀਆ ਪੜ੍ਹਦੀ ਜਾਂਦੀ — ਲਾਸ਼ ਨੂੰ ਗੁਸਲ ਦੇਣ — ਕਫਨ ਪਵਾਉਣ ਤੇ ਜਨਾਜ਼ਾ ਕਢਣ ਤਕ ਉਹ ਕਈ ਵਾਰੀ ਬੇਹੋਸ਼ ਹੋਈ ਤੇ ਕਈ ਵਾਰ ਉਹਨੂੰ ਦੰਦਕੜ ਪਈ — ਸਵਾਨੀਆਂ ਉਹਨੂੰ ਦਮ ਦਿਲਾਸਾ ਦੇਂਦੀਆਂ ਤੇ ਆਪ ਵੀ ਰੋਂਦੀਆਂ ਜਾਂਦੀਆਂ — ਨਸੀਰਾ ਮਸਾਂ ਅਠਾਈਆਂ ਵਰ੍ਹਿਆਂ ਦਾ ਹੀ ਹੋਇਆ ਸੀ ਕਿ ਹਜ਼ਰਤ ਇਜ਼ਰਾਈਲ ਨੇ ਉਹਦੀ ਰੂਹ ਕਬਜ਼ ਕਰ ਲਈ ਸੀ — ਨਸੀਰੇ ਦੀ ਬੇਵਕਤੀ ਮੌਤ ਕਾਰਨ ਉਹਦੇ ਜਨਾਜ਼ੇ 'ਚ ਸਾਰੀ ਠੱਠੀ ਸ਼ਾਮਲ ਹੋਈ — ਕਲਮਾ ਸ਼ਹਾਦਤ ਦੀਆਂ ਆਵਾਜ਼ਾਂ ਨਾਲ ਜਨਾਜ਼ਾ ਨਿਕਲਿਆ ਅਤੇ ਦੁਆਏ ਮਗਫਰਤ ਨਾਲ ਨਸੀਰੇ ਨੂੰ ਕਬਰ ਵਿਚ ਦਫਨਾ ਕੇ ਲੋਕੀ ਘਰ ਆ ਉਪੜੇ — ਨਸੀਰੇ ਦੇ ਕੁਲ ਕਰਨ ਦੇ ਪੰਜਵੇ ਦਿਨ ਉਹਦੀ ਬੇਬੇ ਵਿਚਾਰੀ ਵੀ ਅਲ੍ਹਾ ਨੂੰ ਪਿਆਰੀ ਹੋ ਗਈ ਇੰਝ ਘਰ ਦੀ ਹਕੂਮਤ ਜਾਜੀ ਦੇ ਹੱਥ ਆ ਗਈ — ਗੁੱਲਾਂ ਕੁਝ ਚਿਰ ਲਈ ਜਿਵੇਂ ਜੰਮ ਜਹੀ ਗਈ — ਘਰ ਦੀਆਂ ਚੀਜ਼ਾਂ — ਮਕਾਨ ਦੇ ਕਮਰੇ — ਕਮਰਿਆਂ ਦੀਆਂ ਦੀਵਾਰਾਂ — ਵੇਹੜੇ ਲੱਗਾ ਢਲਣ ਦਾ ਰੁੱਖ — ਸਭ ਉਹਨੂੰ ਆਪਣੇ ਵਾਂਗ ਹੀ ਉਦਾਸ ਲਗਦੇ — ਕਈ ਵਾਰੀ ਉਹਦੀਆਂ ਅੱਖਾਂ ਸਾਹਮਣੇ ਨਸੀਰੇ ਦਾ ਮੁਹਾਂਦਰਾ ਨਚਣ ਲਗਦਾ — ਜੇਹੜਾ ਉਸ ਨਾਲ ਗੱਲਾਂ ਕਰਦਾ — ਉਹਨੂੰ ਗਾਲ੍ਹਾਂ ਕਢਦਾ — ਉਹਨੂੰ ਆਪਣੇ ਨਸੀਰੇ ਦਾ ਸ਼ਰਾਬੀ ਪਣ, ਗਾਲ੍ਹਾਂ ਚੰਡਾਂ ਘਸੁੱਨ — ਸਾਰੇ ਰੂਪ ਚੰਗੇ ਲਗਣ ਲਗਦੇ — ਉਹ ਚਾਹੁੰਦੀ ਕਿ ਨਸੀਰਾ ਉਹਦੇ ਸਰੀਰ ਨੂੰ ਝਰੂੰਡੇ —— ਪਰ ਇਕ ਅੱਖ ਦਾ ਪਲਕਾਰਾ ਉਹਨੂੰ ਉਹਦੀ ਅਸਲੀ ਹਾਲਤ ਵਿਚ ਲੈ ਆਂਵਦਾ — ਏਸ ਹਿਆਤੀ ਦੇ ਰੌਲੇ ਰੱਪੇ 'ਚ ਉਹ ਬਾਹਰੋਂ ਤਾਂ ਸਾਬਤ ਦਿਸਦੀ ਸੀ ਪਰ ਅੰਦਰੋਂ ਕਿਰਚੀ ਕਿਰਚੀ ਹੋਈ ਪਈ ਸੀ — ਉਹ ਦੋ ਬਚਿਆਂ ਨੂੰ ਕੀ ਖੁਆਏ — ਉਹਨਾਂ ਨੂੰ ਕਿੱਥੇ ਲੈ ਕੇ ਜਾਏ — ਜੁਆਨੀ ਦੇ ਰੰਡੇਪੇ ਨੂੰ ਕਿੰਝ ਕੱਟੇ — ਇਹ ਸੋਚ ਸੋਚ ਕੇ ਉਹਦੇ ਚੇਹਰੇ ਦੀਆਂ ਲਕੀਰਾਂ 'ਚ ਗੁੰਝਲ ਪੈ ਗਏ — ਗੁੱਲਾਂ ਫਿਕਰਾਂ ਦੇ ਜੰਗਲ ਵਿਚ ਗੁਆਚ ਗਈ — ਉਹਦੀ ਆਤਮਾ ਪਰੇਸ਼ਾਨ ਹੋ ਗਈ — ਅਜੇਹੀ ਹਾਲਤ ਵਿਚ ਜਾਜੀ ਨੇ ਉਸ ਟਾਲ ਤਸੱਲੀ ਦੇਣ ਵਾਲਾ ਰਾਗ ਛੇੜਿਆ ।

"ਗੁੱਲਾਂ ਤੂੰ ਫਿਕਰ ਨਾ ਕਰ — ਨਸੀਰੇ ਦੇ ਬੱਚੇ ਮੇਰੇ ਬੱਚੇ ਨੇ — ਇਹ ਘਰ ਉਨ੍ਹਾਂ ਹੀ ਤੁਹਾਡਾ ਵੀ ਹੈ ਜਿਨਾਂ ਕਿ ਮੇਰਾ — ਮੈਂ ਕਮਾਂਵਾਗਾ - ਪਹਿਲਾਂ ਤੁਸੀਂ ਖਾਓ ਗੇ ਮਗਰੋਂ ਅਸੀਂ ਖਾਵਾਂਗੇ"

ਜਾਜੀ ਦੀ ਇਸ ਹਮਦਰਦੀ ਵਾਲੇ ਰਾਗ ਵਿਚ ਕਈ ਸੁਰ ਮਿਲੇ ਹੋਏ ਸਨ — ਪਰ ਗੁੱਲਾਂ ਜਾਂਦੀ ਵੀ ਕਿਥੇ — ਉਹ ਘਰ ਛੱਡ ਕੇ ਖੱਜਲ ਖੁਆਰ ਨਹੀਂ ਸੀ ਹੋਣਾ ਚਾਹੁੰਦੀ — ਏਸ ਦੁਨੀਆਂ ਦੀ ਭੀੜ ਵਿਚ ਉਹਦਾ ਕੋਈ ਅੱਗਾ ਸੀ ਨਾ ਪਿੱਛਾ — ਜੀਹਦਾ ਉਹਨੂੰ ਕੋਈ ਸਹਾਰਾ ਹੁੰਦਾ — ਇਸ ਲਈ ਸਬਰ ਸ਼ੁਕਰ ਕਰ ਕੇ ਬਹਿ ਗਈ — ਪਰ ਛੇਤੀ ਹੀ ਉਸਨੂੰ ਇਹਸਾਸ ਹੋ ਗਿਆ ਕਿ ਇਸ ਘਰ ਵਿਚ ਉਸਦੀ ਹੈਸੀਅਤ ਆਟੇ ਦੇ ਛਾਣ ਬੂਰੇ ਤੋਂ ਵਧ ਨਹੀਂ — ਜਾਜੀ ਦੀ ਜੋਰੂ ਹਮੀਦਾਂ ਅਧਰੰਗ ਦੀ ਮਾਰੀ ਚੋਖੇ ਚਿਰ ਤੋਂ ਮੰਜੀ ਤੇ ਪਈ ਸੀ — ਪਰ ਉਹਦੀ ਜੀਭ ਨੂੰ ਤਾਂ ਅਧਰੰਗ ਨਹੀਂ ਸੀ ਹੋਇਆ — ਉਹ ਮੰਜੀ ਉਤੇ ਬੈਠੇ ਬੈਠੇ ਵੀ ਅੱਗ ਫੂਕਦੀ ਰਹਿੰਦੀ — ਸੱਚ ਪੁਛੋ ਤਾਂ ਉਹਦੀ ਜੀਭ ਤਾਲੂ ਨਾਲ ਲਗਦੀ ਹੀ ਨਹੀਂ ਸੀ — ਜਾਜੀ ਦੀ ਧੀ ਨੇਫਾਂ ਵੀ ਕਦੇ ਕਦੇ ਚਾਚੀ ਨਾਲ ਚਬਲ ਪੁਣਾ ਲਾ ਬਹਿੰਦੀ — ਇੰਝ ਮਿੱਟੀ ਦੇ ਭਾਂਡੇ ਟੁਟਦੇ ਭਜਦੇ ਰਹਿੰਦੇ — ਪਰ ਜਦ ਢਲਣ ਦੇ ਰੁੱਖ ਹੇਠ ਛਾਂ ਨਹੀਂ ਰਹੀ ਤੇ ਢੇਲੇ ਖਾਣ ਵਿਚ ਉਕਾ ਹੀ ਸੁਆਦ ਨਹੀਂ ਰਿਹਾ ਤਾਂ ਗੁੱਲਾਂ ਨੇ ਆਪਣਾ ਚੁਲ੍ਹਾ ਵਖਰਾ ਕਰ ਲਿਆ — ਉਹ ਸੀਣ ਪਰੋਣ ਦਾ ਕੰਮ ਜਾਣਦੀ ਸੀ — ਇਸ ਤੋਂ ਇਲਾਵਾ ਕੁਝ ਵੱਡੇ ਘਰਾਂ ਵਿਚ ਉਹ ਕਪੜੇ ਲੀੜੇ ਧੋਣ ਦਾ ਕੰਮ ਕਰਕੇ ਗੁਲਜ਼ਾਰੇ ਤੇ ਯੂਸਫੇ ਨੂੰ ਪਾਲਣ ਦੇ ਨਾਲ ਨਾਲ ਆਪਣੇ ਢਿਡ ਦਾ ਦੋਜ਼ਖ ਵੀ ਭਰਨ ਲਗੀ।

ਹਮੀਦਾਂ ਦੇ ਅਧਰੰਗ ਨੇ ਜਾਜੀ ਦੀ ਸਾਰੀ ਸ਼ਰਾਫਤ ਭੰਗ ਕੀਤੀ ਹੋਈ ਸੀ — ਉਹ ਮਾਨਸਕ ਲੋੜ ਅਨੁਸਾਰ ਤੀਰ ਤੁੱਕੇ ਦੀ ਖੇਡ ਵੀ ਖੇੜ ਲੈਂਦਾ ਸੀ — ਪਰ ਜਦ ਦਾ ਨਸੀਰਾ ਨੇਕ ਹੂਰਾਂ ਦੇ ਹੱਥੋਂ ਪਾਕ ਸ਼ਰਾਬ ਪੀਣ ਤੇ ਹੋਰ ਇਆਸ਼ੀ ਲੁੱਟਣ ਬਹਿਸ਼ਤਾਂ ਵਿਚ ਚਲਾ ਗਿਆ ਸੀ ਤਦ ਤੋਂ ਜਾਜੀ ਦਾ ਅਥਰਾ ਮਨ ਗੁੱਲਾਂ ਸੰਗ ਤੋਂ ਬਿਨਾ ਵਜਾਣ ਲਈ ਅਡੀਆਂ ਕਰਦਾ ਰਹਿੰਦਾ ਸੀ — ਉਹ ਗੁੱਲਾਂ ਦੇ ਚਰਖੇ ਤੇ ਆਪਣਾ ਸੂਤ ਕਤਣਾ ਚਾਹੁੰਦਾ ਸੀ — ਓਸ ਨਾਲ ਚਾਦਰ ਬਰਦਾਰੀ ਜਿਹਾ ਕੋਈ ਸਬੰਧ ਕਾਇਮ ਰਖਣਾ ਚਾਹੁੰਦਾ ਸੀ — ਸ਼ਰਾ ਕਾਨੂੰਨ ਵਾਲਿਆਂ ਦੇ ਇਤਰਾਜ਼ ਕਰਨ ਤੇ ਉਹ ਗੁੱਲਾਂ ਨਾਲ ਨਿਕਾਹ ਕਰਨ ਨੂੰ ਵੀ ਤਿਆਰ ਸੀ — ਜਾਜੀ ਕਈ ਵਾਰੀ ਅੱਖਾਂ ਵਿਚ ਖੁਮਾਰੀ ਰੰਗ ਭਰ ਕੇ ਅਤੇ ਸੁੱਕੇ ਬੁਲਾਂ ਤੇ ਥੰਦੀ ਜੀਭ ਫੇਰ ਕੇ ਗੁੱਲਾਂ ਨੂੰ ਆਪਣੀ ਗਲ ਸਮਝਾਉਣ ਦੀ ਕੋਸ਼ਿਸ਼ ਕਰਦਾ — ਗੁੱਲਾਂ ਅਖਾਂ ਤੇ ਬੁੱਲਾਂ ਦੀ ਭਾਸ਼ਾ ਪੜ੍ਹ ਕੇ ਚੁੱਪ ਰਹਿੰਦੀ — ਪਰ ਜਦ ਇਕ ਦਿਨ ਜਾਜੀ ਨੇ ਸ਼ਰਾਬ ਦੇ ਨਸ਼ੇ ਵਿਚ ਗੁੱਲਾਂ ਦਾ ਹੱਥ ਫੜ ਲਿਆ ਤੇ ਉਹਨੂੰ ਆਪਣੇ ਦਿਲ ਦੀ ਗਲ ਸਾਫ ਸਾਫ ਕਹਿ ਦਿਤੀ ਤਾਂ ਗੁੱਲਾਂ ਨੇ ਘਰ ਵਿਚ ਭੁਚਾਲ ਲੈ ਆਂਦਾ ਸੀ — ਗੁਆਂਡੀ ਇਕ ਵੇਰ ਫੇਰ ਆਪਣੇ ਆਪਣੇ ਕੋਠਿਆਂ ਤੇ ਚੜ੍ਹ ਕੇ ਤਮਾਸ਼ਾ ਦੇਖਣ ਲਗ ਪਏ ਸਨ — ਉਹ ਮਹਲੇ ਵਾਲਿਆਂ ਨੂੰ ਸੁਣਾ ਰਹੀ ਸੀ —

"ਜੇਠ ਪਿਓਆਂ ਵਾਂਗਰ ਹੁੰਦਾ ਏ — ਮੈਂ ਇਸ ਦੀ ਧੀ ਵਾਂਗਰ ਆਂ — ਇਹਨੇ ਇਹ ਗਲ ਕਹਿਣ ਦੀ ਹਿੰਮਤ ਕਿੰਝ ਕੀਤੀ — ਇਹਨੂੰ ਅਜੇਹੀ ਗਲ ਕਰਦਿਆਂ ਸ਼ਰਮ ਨਹੀਂ ਆਈ — ਜੇ ਬਹੁਤਾ ਚਾਅ ਚੜ੍ਹਿਆ ਹੋਇਆ ਸੂ ਤਾਂ ਆਪਣੀ ਨੇਫਾਂ ਨਾਲ ਨਿਕਾਹ ਕਰ ਲਵੇ — ਨਿੱਕੇ ਭਰਾ ਦੀ ਬੀਵੀ ਉਤੇ ਬੁਰੀ ਨਜ਼ਰ ਰਖਦਾ ਏ — ਯਾ ਰੱਬਾ! ਇਹਨੂੰ ਵੀ ਕਿਸੇ ਆਰੇ ਵਿਚ ਚੀਰ — ਗੱਡੀ ਹੇਠ ਲਿਆ"

ਗੁੱਲਾਂ ਨੂੰ ਹੰਗਾਮਾਂ ਕਰਦਿਆਂ ਦੇਖ ਕੇ ਜਾਜੀ ਅਡੋਲ ਹੀ ਘਰੋਂ ਖਿਸਕ ਗਿਆ ਸੀ — ਮਗਰੋਂ ਸਾਰਿਆਂ ਦੇ ਸਮਝਾਉਣ ਬੁਝਾਉਣ ਤੇ ਗੁੱਲਾਂ ਕਿਤੇ ਚੁੱਪ ਹੋਈ ਸੀ - ਇੰਝ ਘਰ ਦਾ ਵਾਤਾਵਰਨ ਤਾਂ ਸ਼ਾਂਤ ਹੋ ਗਿਆ ਸੀ ਪਰ ਸਾਰੀ ਠੱਠੀ ਨੂੰ ਇਸ ਗਲ ਦਾ ਪਤਾ ਲਗ ਗਿਆ ਸੀ ਕਿ ਜਾਜੀ ਗੁੱਲਾਂ ਨਾਲ ਨਿਕਾਹ ਕਰਨਾ ਚਾਹੁੰਦਾ ਏ — ਮਹੱਲੇ ਦੀ ਕਈ ਸੁਆਨੀਆਂ ਨੇ ਗੁੱਲਾਂ ਨੂੰ ਸਮਝਾਇਆ ਕਿ ਉਹ ਜਾਜੀ ਦੀ ਗਲ ਮੰਨ ਜਾਏ ਤਾਂ ਜੋ ਘਰ ਦੀ ਇਜ਼ਤ ਘਰ ਵਿਚ ਹੀ ਰਵ੍ਹੇ — ਪਰ ਗੁੱਲਾਂ ਆਪਣੇ ਸਰੀਰ ਨੂੰ ਮੁੜ ਧੁਖਦੇ ਤੰਦੂਰ ਵਿਚ ਸੁਟਣ ਲਈ ਤਿਆਰ ਨਹੀਂ ਸੀ — ਓਹ ਸਿਰਫ ਯੂਸਫੇ ਤੇ ਗੁਲਜ਼ਾਰੇ ਲਈ

(ਬਾਕੀ ਪੰਨਾ ੧ ਤੇ)

## ਗੀਤ

## "ਦੁਖਾਂ ਭਰਿਆ — ਦੁਖਾਂ ਭਰਿਆ"

**ਪਰਮਜੀਤ ਸਿੰਘ "ਕੰਵਲ"(ਰਾਮਪੁਰੀ)**

ਬਚਣਾ ਏਂ ਉਹਨਾਂ ਕੋਲੋਂ, ਜੇਹੜੇ ਫੁਟ ਪਾਉਂਦੇ ਨੇ,
ਖੁਦ-ਗਰਜ਼ੀ ਲਈ ਹਿੰਦੂ, ਸਿੱਖ ਨੂੰ ਲੜਾਉਂਦੇ ਨੇ ।
ਹਿੰਦੂ ਅਤੇ ਸਿੱਖ ਦੋਵੇਂ ਵੱਡੇ ਛੋਟੇ ਵੀਰ ਨੇ,
ਜੋਤ ਤਾਂ ਹੈ ਇਕੋ, ਪਰ ਵਖਰੇ ਸਰੀਰ ਨੇ ।
ਦੋਵੇਂ ਸੋਹਣੇ ਫੁੱਲ, ਇਕੋ ਟਹਿਣੀ ਤੇ ਲਹਿਰਾਉਂਦੇ ਨੇ ।
ਬਚਣਾ ਏਂ ਉਹਨਾਂ ਕੋਲੋਂ ......................
ਦੂਈ ਤੇ ਦਵੈਖ ਵਾਲੀ ਐਨਕ ਉਤਾਰ ਕੇ,
ਆਪਣੇ ਪੈਗੰਬਰਾਂ ਨੂੰ ਵੇਖੋ ਝਾਤੀ ਮਾਰ ਕੇ ।
ਮਾਣਸ ਕੀ ਜਾਤ ਜੇਹੜੇ ਇਕੋ ਫਰਮਾਉਂਦੇ ਨੇ ।
ਬਚਣਾ ਏਂ ਉਹਨਾਂ ਕੋਲੋਂ ...............
ਆਪੋ ਵਿਚ ਬਹਿ ਕੇ ਪਈਆਂ ਗੰਢਾਂ ਸੁਲਝਾ ਲਿਓ,
ਤੀਸਰਾ ਨਾ ਘਰ ਵਿਚ, ਆਪਣੇ ਬੁਲਾ ਲਿਓ ।
ਤੀਜੇ ਤਾਂ ਹੈ ਤੇਲ ਸਗੋਂ, ਬਲਦੀ ਤੇ ਪਾਉਂਦੇ ਨੇ ।
ਬਚਣਾ ਏਂ ਉਹਨਾਂ ਕੋਲੋਂ .................
ਰੱਬ ਖੁਸ਼ ਹੁੰਦਾ ਨਹੀਂ ਏ, ਬੰਦਿਆਂ ਨੂੰ ਮਾਰ ਕੇ,
ਵੇਖ ਲਉ "ਕੰਵਲ" ਭਾਵੇਂ, ਗ੍ਰੰਥਾਂ ਨੂੰ ਵਿਚਾਰ ਕੇ ।
ਬੰਦੇ ਨੂੰ ਪਿਆਰ ਕਰੋ, ਇਹੋ ਸਮਝਾਉਂਦੇ ਨੇ ।
ਬਚਣਾ ਏਂ ਉਹਨਾਂ ਕੋਲੋਂ .................

## ਕਵਿਤਾ

## ਜਗਤ ਜਲੰਦਾ ਰਖ ਲੈ ਪ੍ਰਭ ਆਪਣੀ ਕਿਰਪਾ ਧਾਰ

**ਪਰਮਜੀਤ ਸਿੰਘ "ਕੰਵਲ"(ਰਾਮਪੁਰੀ)**

ਅਜ ਜਿਧਰ ਵੇਖੋ ਮਚੀ ਏ, ਜਗ ਅੰਦਰ ਹਾਹਾਕਾਰ ।
ਸ਼ਰਮ ਧਰਮ ਸਭ ਉਡ ਗਿਆ, ਅੱਜ ਕੂੜ ਰਿਹਾ ਫੁੰਕਾਰ ।
ਅਜ ਧਰਮ 'ਚ, ਵੰਡੀਆਂ ਪਾ ਰਹੇ, ਧਰਮ ਦੇ ਠੇਕੇਦਾਰ ।
ਅਜ ਲਹੂ ਮਨੁੱਖ ਦਾ ਡੁਲ ਰਿਹਾ, ਕੋਈ ਸੁਣਦਾ ਨਹੀਂ ਪੁਕਾਰ ।
ਅੱਜ ਅਮਨ ਦੀ ਰਾਖੀ ਕਰਨ ਤੋਂ, ਹੈ ਫੇਲ ਹੋਈ ਸਰਕਾਰ ।
ਤੂੰ ਜਗਤ ਜਲੰਦਾ ਰਖ ਲੈ, ਪ੍ਰਭ ਆਪਣੀ ਕਿਰਪਾ ਧਾਰ ।
ਅੱਜ ਸੀਨਾ ਭਾਰਤ ਮਾਂ ਦਾ, ਹਾਏ ਹੋ ਗਿਆ ਲਹੂ ਲੁਹਾਨ ।
ਅੱਜ ਦੋ ਭਾਈਆਂ ਵਿਚ ਵੇਖ ਲੈ, ਵੰਡ ਪਾਉਂਦਾ ਪਿਆ ਸ਼ੈਤਾਨ ।
ਅੱਜ ਨਹੀਂ ਸੁਰਖਸ਼ਤ ਦਿਸ ਰਹੀ, ਕਿਸੇ ਮਨੁਖ ਦੀ ਜਾਨ ।
ਅੱਜ ਕੋਈ ਵੀ ਸੌਂ ਨਹੀਂ ਸਕਦਾ, ਬੇ-ਫਿਕਰਾ ਹੋ ਇਨਸਾਨ ।
ਖੁਦ ਹੀ ਨੇ ਪਾੜਾਂ ਲਾ ਰਹੇ ਸੀ ਜੇਹੜੇ ਪਹਿਰੇਦਾਰ ।
ਤੂੰ-ਜਗਤ ਜਲੰਦਾ ਰਖ ਲੈ, ਪ੍ਰਭ ਆਪਣੀ ਕਿਰਪਾ ਧਾਰ ।
ਕਈ ਨਾਰਾਂ ਬਿਧਵਾ ਹੋ ਗਈਆਂ, ਜਦ ਮਾਰੇ ਗਏ ਭਰਤਾਰ ।
ਅੱਜ ਜ਼ੁਲਮ ਦੀ ਭੇਟਾ ਚੜ੍ਹ ਗਏ, ਸਭ ਲਾਏ ਹਾਰ ਸ਼ਿੰਗਾਰ ।
ਕਈ ਬੱਚੇ ਵੀ ਇਸ ਜ਼ੁਲਮ ਦਾ, ਹੋ ਗਏ ਨੇ ਅਜ ਸ਼ਿਕਾਰ ।
ਇਹ ਧਰਮ ਨਹੀਂ ਇਹ ਜ਼ੁਲਮ ਹੈ, ਜੋ ਫੜੀ ਮਨੁੱਖ ਨੇ ਕਾਰ ।
ਸ੍ਰਬਤ ਦਾ ਭਲਾ ਜੋ ਲੋੜਦੇ, ਖੁਦ ਲੜ ਪਏ ਪਹਿਰੇਦਾਰ ।
ਤੂੰ - ਜਗਤ ਜਲੰਦਾ ਰਖ ਲੈ, ਪ੍ਰਭ ਆਪਣੀ ਕਿਰਪਾ ਧਾਰ ।
ਕੋਈ ਤੇਰੇ ਬਾਝੋਂ ਸੁਣੇ ਨਾ, ਤੇਰੀ ਖਲਕਤ ਦੀ ਫਰਿਯਾਦ ।
ਕਲ ਰਾਖੇ ਸੀ ਜੋ ਜਾਨ ਦੇ, ਅੱਜ ਬਣ ਗਏ ਆਪ ਸਿਯਾਦ ।
ਹਿੰਦੂ, ਸਿੱਖ, ਦੋਵੇਂ ਵੀਰ ਨੇ, ਲੜ ਲੜ ਹੋ ਰਹੇ ਬਰਬਾਦ ।
ਉਨੀ ਸੌ ਸੰਤਾਲੀ ਦੀ ਮੁੜ ਤਾਜ਼ਾ ਹੋ ਗਈ ਯਾਦ ।
ਕੋਈ ਹਵਾ ਹੀ ਐਸੀ ਵਗ ਤੁਰੀ, ਜਿਨ ਫੁੱਲ ਬਣਾਏ ਖਾਰ ।
ਤੂੰ - ਜਗਤ ਜਲੰਦਾ ਰਖ ਲੈ, ਪ੍ਰਭ ਆਪਣੀ ਕਿਰਪਾ ਧਾਰ ।
ਹੁਣ ਬਾਗ ਡੋਰ ਇਸ ਦੇਸ਼ ਦੀ, ਤੂੰ ਆਪਣੇ ਹੱਥ ਸੰਭਾਲ ।
ਤੇਰਾ ਬੰਦਾ ਬੰਦਾ ਬਣ ਜਾਏ, ਤੂੰ ਕੌਤਕ ਕੋਈ ਵਿਖਾਲ ।
ਤੇਰਾ ਖੇਤ ਹੈ ਪਸ਼ੂਆਂ ਖਾ ਲਿਆ, ਕਰ ਛਡਿਆ ਮੰਦਾ ਹਾਲ ।
ਤੂੰ ਮੇਹਰ ਕਰੇਂ ਜੋ ਦਾਤਿਆ, ਮੁੜ ਹੋ ਸਕਦੇ ਖੁਸ਼ਹਾਲ ।
"ਕੰਵਲ" ਭੁਲੇ ਹੋਏ ਜੀਵ ਨੂੰ, ਮੁੜ ਪਾ ਰਾਹੇ ਇਕ ਵਾਰ ।
ਤੂੰ - ਜਗਤ ਜਲੰਦਾ ਰਖ ਲੈ, ਪ੍ਰਭ ਆਪਣੀ ਕਿਰਪਾ ਧਾਰ ।

FREE GIFT

S. & S. INSURANCE 324-2311



Two Locations to Serve You
6658 Main St. Vancouver, B.C.
5936 Fraser St. Vancouver, B.C.

FREE GIFT



ਇੰਨਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫ਼ਰਕ ਦੋਸਤੀ ਭਰੇ ਮਾਹੋਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ । ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ

Autoplan
1984 INSURANCE & LICENCE

RENEW EARLY INSURANCE
* FINANCING AVAILABLE
* SAFE DRIVING DISCOUNT (if eligible)

ਦਲਜੀਤ ਸਿੰਘ ਸਿੱਧੂ

FRASER Ph. 321-6442

ਹਰਦੇਵ ਸਿੰਘ ਗਿੱਲ

324-5711

(ਪੰਨਾ ਦੀ 9 ਬਾਕੀ)

ਜੀਅ ਰਹੀ ਸੀ ਨਹੀਂ ਤੇ ਉਸਦੀਆਂ ਆਸਾਂ ਤੇ ਰੀਝਾਂ ਦਾ ਵਸਦਾ ਸ਼ਹਿਰ ਕਦ ਦਾ ਖੋਲ੍ਹਾ ਹੋ ਗਿਆ ਸੀ — ਉਹਦੇ ਦਿਲ ਵਿਚ ਸਧਰਾਂ ਦੇ ਘੁੰਗਰੂ ਬਜਣੇ ਕਦ ਦੇ ਬੰਦ ਹੋ ਚੁੱਕੇ ਸਨ — ਦੁਨੀਆਂ ਦੀ ਹਰ ਸ਼ੈ ਉਹਦੇ ਲਈ ਬੇਕਾਰ ਹੋ ਚੁੱਕੀ ਸੀ — ਜਾਜੀ ਨੂੰ ਇਹ ਯਕੀਨ ਹੋਣ ਤੇ ਕਿ ਉਸਦੀ ਖੁਆਹਸ਼ਾਂ ਦੇ ਬੱਦਲ ਜਿਨਾਂ ਮਰਜ਼ੀ ਮੀਂਹ ਵਰਸਾਉਣ ਗੁੱਲਾਂ ਦੇ ਠੰਡੇ ਪਿੰਡੇ ਵਿਚ ਫੁੱਲ ਨਹੀਂ ਉਗ ਸਕਦੇ — ਉਹ ਸ਼ਿਕਰੇ ਬਾਜ਼ ਵਾਂਗਰ ਆਪਣੇ ਨੌਂਹ ਤੇਜ਼ ਕਰਨ ਲੱਗਾ — ਇਸ ਲਈ ਕਿ ਮੌਕਾ ਮਿਲਦਿਆਂ ਹੀ ਉਹ ਢਲਣ ਦੇ ਰੁੱਖ ਤੇ ਬੈਠੀ ਕਬੂਤਰੀ ਦਾ ਸ਼ਿਕਾਰ ਕਰ ਸਕੇ —— ਅਤੇ ਕਲ ਸ਼ਾਹ ਕਾਲੀ ਰਾਤ ਨੂੰ —— ਤੇਜ਼ ਨੇਰ੍ਹੀ ਤੇ ਝੱਖੜ ਵਿਚ ਜਿਹੜੀ ਬਿਜਲੀ ਡਿੱਗੀ — ਉਹ ਇਨਸਾਨੀ ਬਿਜਲੀ — ਜਾਜੀ ਦੇ ਰੂਪ ਵਿਚ ਸਿੱਧੀ ਗੁੱਲਾਂ ਉਤੇ ਹੀ ਡਿੱਗੀ ਸੀ — ਜਿਸ ਨਾਲ ਗੁੱਲਾਂ ਦਾ ਸਾਰਾ ਸਰੀਰ ਝੁਲਸ ਗਿਆ — ਗੁੱਲਾਂ ਜਿਹੜੀ ਮੀਆਂ ਮਿੱਠੂ ਵਾਂਗਰ ਆਪਣੇ ਆਪ ਨੂੰ ਇਸ ਘਰ ਦੇ ਪਿੰਜਰੇ ਵਿਚ ਮਹਿਫੂਜ਼ ਸਮਝਦੀ ਸੀ — ਉਹਨੂੰ ਪਿੰਜਰੇ ਵਿਚ ਹੀ ਬਿੱਲਾ ਪੈ ਗਿਆ — ਚੌਕੀਦਾਰ ਹੀ ਮਕਾਨ ਨੂੰ ਸੰਨ੍ਹ ਲਾ ਗਿਆ — ਕਈ ਦਿਨਾਂ ਤਕ ਗੁੱਲਾਂ ਚੁਲ੍ਹੇ ਦੀ ਲਕੜੀ ਵਾਂਗਰ ਧੁਖਦੀ ਰਹੀ, ਸੜਦੀ ਰਹੀ ਬਲਦੀ ਰਹੀ ਤੇ ਆਖੀਰ ਉਹਨੇ ਜਾਜੀ ਨਾਲ ਬਦਲਾ ਲੈਣ ਦਾ ਫੈਸਲਾ ਕਰ ਲਿਆ — ਉਹਦੇ ਕੁਤਰੇ ਖੰਬ ਉਗ ਪਏ ਤੇ ਉਹ ਪਿੰਜਰੇ ਦੀਆਂ ਸਲਾਖਾਂ ਵਿਚੋਂ ਬਾਹਰ ਨਿਕਲ ਆਈ ਤੇ ਆਪਣੇ ਮਨ 'ਚ ਉਗੀ ਹੋਈ ਕੰਡਿਆਲੀ ਥੋਰ੍ਹ ਤੇ ਕੁਆਰ ਗੰਦਲ —— ਜਾਜੀ ਨੂੰ ਖੁਆਣ ਲਈ ਤਿਆਰ ਹੋ ਗਈ।

ਜਾਜੀ ਦੀ ਕੁੜੀ ਨੇਫਾਂ ਸ਼ਰਾ ਮੁਹਮਦੀ ਮੁਤਾਬਕ ਜੁਆਨ ਹੋ ਚੁੱਕੀ ਸੀ — ਉਹਦੇ ਸਰੀਰ ਤੇ ਉਹ ਸਾਰੇ ਤੇਜ਼ ਹਥਿਆਰ ਸਜ ਚੁੱਕੇ ਸਨ ਜਿਸ ਨਾਲ ਕੋਈ ਵੀ ਬੰਦਾ ਫੱਟੜ ਹੋ ਸਕਦਾ ਏ — ਇਸ ਲਈ ਜਾਜੀ ਨੇ ਸ਼ੈਦੇ ਠਠਿਆਰ ਦੇ ਮੁੰਡੇ ਜੀਰੇ ਦਰਜ਼ੀ ਨਾਲ ਉਹਦਾ ਵਿਆਹ ਕਰਾ ਦਿਤਾ ਅਤੇ ਆਪਣੇ ਵਲੋਂ ਸਿਰ ਦਾ ਭਾਰ ਹਲਕਾ ਕਰ ਛਡਿਆ — ਗੁੱਲਾਂ ਤੇ ਨੇਫਾਂ ਵਿਚ ਬਸ ਇਨਾ ਹੀ ਫਰਕ ਸੀ ਜਿਨਾ ਇਕ ਕਲੀ ਅਤੇ ਫੁੱਲ ਵਿਚ ਹੁੰਦਾ ਏ — ਤੇ ਜੀਰਾ ਪੰਜੀਆਂ ਸਾਲਾਂ ਦਾ ਜੁਆਨ ਗਭਰੂ — ਇਕ ਉਬਲਦਾ ਦਰਿਆ — ਕਲੀ ਕੋਲੋਂ ਸਾਂਭਿਆ ਨਹੀਂ ਗਿਆ — ਨੇਫਾਂ ਦਾ ਕੋਈ ਵੀ ਹਥਿਆਰ ਜੀਰੇ ਨੂੰ ਫਟੜ ਨਹੀਂ ਕਰ ਸਕਿਆ — ਵਿਆਹ ਦੇ ਬਾਅਦ ਜੀਰਾ ਸੌਹਰਿਆਂ ਦੇ ਘਰ ਆਉਣ ਜਾਣ ਲਗਾ ਤੇ ਗੁੱਲਾਂ ਨੇਫਾਂ ਦੀ ਗੁੱਡੀ ਕੱਟਣ ਲਈ ਆਪਣੀ ਡੋਰ ਨੂੰ ਮਾਂਝਾ ਚਾੜ੍ਹਣ ਲਗੀ — ਤੇ ਇਕ ਦਿਨ ਜਦ ਉਹਦੀ ਕਮੀਜ਼ ਵਿਚੋਂ ਝਾਕਦੀ ਨਾਇਲਨ ਦੀ ਅੰਗੀ ਨੇਫਾਂ ਦੀ ਗੁੱਡੀ ਨੂੰ ਗਾਟੀ ਮਾਰੀ— —ਗੁੱਡੀ ਲੋਟ ਪੋਟ ਹੋਕੇ ਸਿਧੀ ਗੁੱਲਾਂ ਦੇ ਕਦਮਾਂ ਤੇ ਆ ਡਿੱਗੀ — ਲੌਂਗ ਦੇ ਲਿਸ਼ਕਾਰੇ ਅਤੇ ਅੱਖਾਂ ਦੇ ਚਮਕਾਰੇ ਨੇ ਜੀਰੇ ਦੇ ਸਾਰੇ ਸਰੀਰ ਵਿਚ ਲਾਟੂ ਜਗਾ ਦਿਤੇ — ਬਸ ਫੇਰ ਉਹ ਚੰਦਰੇ ਲਾਟੂ ਗੁੱਲਾਂ ਨੇ ਬੁਝਣ ਨਹੀਂ ਦਿਤੇ — ਤੇ ਇੰਝ ਉਬਲਦਾ ਦਰਿਆ ਸਾਰੇ ਦਾ ਸਾਰਾ ਗੁੱਲਾਂ ਨੇ ਹਜ਼ਮ ਕਰ ਲਿਆ — ਨੇਫਾਂ ਨੂੰ ਗੁੱਲਾਂ ਨੇ ਦਰਿਆ ਵਿਚੋਂ ਇਕ ਬੁਕ ਪਾਣੀ ਵੀ ਪੀਣ ਨਹੀਂ ਦਿਤਾ —— ਕਹਿੰਦੇ ਨੇ ਕਿ ਸੁਆਨੀ ਲਈ ਦਿਨ ਲੋਹੇ ਦਾ ਛੱਲਾ ਹੁੰਦਾ ਏ ਤੇ ਰਾਤ ਸੋਨੇ ਚਾਂਦੀ ਦਾ ਝੂਮਰ —— ਪਰ ਨੇਫਾਂ ਦੇ ਆਲਣ੍ਹੇ ਤੇ ਕਬਜ਼ਾ ਕਰਣ ਮਗਰੋਂ ਗੁੱਲਾਂ ਲਈ ਦਿਨ ਵੀ ਸੋਨੇ ਦੀ ਝਾਂਜਰ ਸੀ ਤੇ ਰਾਤ ਵੀ — ਜੀਰਾ ਉਹਦੇ ਲਈ ਚੇਤਰ ਦੀ ਚਾਨਣੀ ਬਣ ਗਿਆ ਸੀ ਤੇ ਰੱਜ ਕੇ ਚਾਨਣੀ ਵਿਚ ਗੁਸਲ ਕਰਨ ਲਗੀ — ਉਹ ਦੋਵੇਂ ਗੁੱਲੂ ਦੇ ਬਾੜੇ ਤੇ ਸ਼ੀਤਲਾ ਮੰਦਰ ਵਿਚ ਜਾਕੇ ਬੇਰ ਖਾਂਦੇ — ਤਵੀ ਤੇ ਨਹਿਰ ਦੇ ਠੰਡੇ ਪਾਣੀ 'ਚ ਨਹਾਉਂਦੇ — ਨਾਗ ਬਨੀ ਦੀਆਂ ਹਵਾਵਾਂ ਵਿਚ ਲਹਿਰਾਉਂਦੇ ਤੇ ਸਿਨਮਾ ਹਾਲਾਂ ਵਿਚ ਗੁਣਗੁਣਾਉਂਦੇ — ਅਤੇ ਕਦੇ ਕਦੇ ਦਿਲ ਉਤੇ ਜੰਮੀ ਗੁਨਾਹ ਦੀ ਗਰਦ ਦਾ ਇਹਸਾਸ ਜਾਗਣ ਤੇ ਉਹ ਪੀਰ ਬਾਬੇ ਤੋਂ ਲੈਕੇ ਪੰਜ ਪੀਰ ਦੀ ਜ਼ਿਆਰਤ ਤੇ ਜਾਕੇ ਦੀਵਾ ਵੀ ਬਾਲਦੇ ਤੇ ਝਾੜੂ ਵੀ ਫੇਰਦੇ ਤਾਂ ਜੋ ਗਰਦ ਸਾਫ ਹੋ ਜਾਏ।

ਨੇਫਾਂ ਦੀ ਬੇਬੇ ਹਮੀਦਾਂ ਜੀਰੇ ਨੂੰ ਗੁੱਲਾਂ ਦੇ ਫੁੱਲਾਂ ਨਾਲ ਖੇਡਦਿਆਂ ਦੇਖ ਕੇ ਬੜਾ ਤੜਫੀ — ਉਹ ਅਧਰੰਗ ਦੀ ਮਾਰੀ ਨੇਫਾਂ ਨੂੰ ਗੁੱਲਾਂ ਦੀ ਮੰਜੀ ਹੇਠ ਰੁਲਦਿਆਂ ਦੇਖ ਕੇ ਆਪਣੇ ਮੰਜੇ ਤੋਂ ਅਜੇਹੀ ਡਿੱਗੀ ਕਿ ਉਹਦੀ ਜੀਭ ਹਮੇਸ਼ਾ ਲਈ ਤਾਲੂ ਤੇ ਜਾ ਲੱਗੀ — ਜਾਜੀ ਨੇ ਜੀਰੇ ਨੂੰ ਗੁੱਲਾਂ ਦੇ ਜੁਸੇ ਵਿਚੋਂ ਬਾਹਰ ਕਢਣ ਲਈ ਚੋਖਾ ਜਤਨ ਕੀਤਾ — ਉਹਨੇ ਜੀਰੇ ਨੂੰ ਪਿਆਰ ਨਾਲ ਸਮਝਾਇਆ — ਗੁੱਸੇ ਨਾਲ ਡਾਟਿਆ — ਮਾਰ ਕੁਟਾਈ ਕੀਤੀ — ਪਰ ਜੀਰਾ ਇਕ ਜ਼ਿੱਦੀ ਬਾਲਕ —— ਫੁੱਲ ਹੱਥੋਂ ਛੱਡਣ ਲਈ ਤਿਆਰ ਨਹੀਂ ਹੋਇਆ — ਥਕ ਹਾਰ ਕੇ ਜਾਜੀ ਨੇ ਜੀਰੇ ਕੋਲੋਂ ਨੇਫਾਂ ਦੀ ਤਲਾਕ ਮੰਗੀ — ਜੀਰਾ ਤਿਆਰ ਸੀ ਪਰ ਗੁੱਲਾਂ ਨੇ ਜੀਰੇ ਨੂੰ ਤਲਾਕ ਦੇਣ ਨਹੀਂ ਦਿਤੀ।

ਜਾਜੀ ਲਈ ਸਾਰੀ ਕਾਇਨਾਤ ਬੇਜਾਨ ਹੋਗਈ — ਉਹ ਨੇਫਾਂ ਦੀਆਂ ਅੱਖਾਂ ਵਿਚ ਸੋਚਾਂ ਦੀ ਜ਼ਰਦੀ ਦੇਖ ਕੇ ਅਤੇ ਉਹਨੂੰ ਚੁੱਪ ਦੀ ਬੁੱਕਲ ਵਿਚ ਝੁਰਦਿਆਂ ਤਕ ਕੇ ਜਗਰਾਤਿਆਂ ਦੀ ਸੂਲੀ ਚੜ੍ਹਦਾ ਰਿਹਾ — ਉਹ ਨੇਫਾਂ ਨੂੰ ਦਰਦ ਅਵਲੜੇ ਜਰਦਿਆਂ ਅਤੇ ਭੁਖਿਆਂ ਤਰਹਾਇਆਂ ਮਰਦਿਆਂ ਨਹੀਂ ਸੀ ਦੇਖ ਸਕਦਾ — ਉਹਨੇ ਫੈਸਲਾ ਕਰ ਲਿਆ ਕਿ ਉਹ ਨੇਫਾਂ ਦੇ ਮਾਰੂ ਥਲ ਵਿਚ ਹਰਿਆਲੀ ਲਿਆਵੇਗਾ — ਉਹ ਕਲੀ ਮਧੋਲਣ ਵਾਲਿਆਂ ਨੂੰ ਬਰਬਾਦ ਕਰ ਦਵੇਗਾ — ਉਸਨੇ ਆਪਣੇ ਅੰਦਰ ਡੱਕੇ ਹੋਏ ਲਾਵੇ ਦਾ ਢੱਕਣ ਪੁਟਿਆ ਤੇ ਅੱਖਾਂ ਵਿਚ ਅੰਗਿਆਰੇ ਲੈਕੇ ਗੁੱਲਾਂ ਦੇ ਸਾਹਮਣੇ ਜਾ ਖੜਾ ਹੋਇਆ ਤਾਂ ਜੋ ਜ਼ਹਿਰ ਵਿਚ ਭਿਜੀ ਕਾਲੀ ਜੀਭ ਆਪਣਾ ਡੰਗ ਮਾਰ ਸਕੇ — ਪਰ ਗੁੱਲਾਂ ਸਾਹਮਣੇ ਬਲਦੀ ਅੱਗ ਦਾ ਕੋਈ ਬਸ ਨਹੀਂ ਚਲਿਆ — ਉਹਦੀ ਤਿੱਖੀ ਮੁਸਕਾਣ ਜਾਜੀ ਦਾ ਸਾਰਾ ਸਰੀਰ ਠੰਡਾ ਠਾਰ ਕਰ ਗਈ — ਅੱਖਾਂ ਦੇ ਅੰਗਿਆਰ ਬੁਝ ਗਏ ਤੇ ਦਿਲ ਦਾ ਦਰਦ ਅਥਰੂਆਂ ਰਾਹੀਂ ਢਲ ਪਿਆ — ਉਹਦਾ ਰੋਮ ਰੋਮ ਨੇਫਾਂ ਦੇ ਸੁਖ ਦੀ ਪੀਖ ਮੰਗਣ ਲੱਗਾ।

"ਮੇਰੇ ਜੁਰਮ ਦੀ ਸਜਾ ਨੇਫਾਂ ਨੂੰ ਨਾ ਦੇ — ਓਸ ਤੇ ਰਹਿਮ ਕਰ — ਉਹ ਤੇਰੀ ਵੀ ਧੀ ਏ ਤੇ ਧੀਆਂ ਦਾ ਘਰ ਮਾਵਾਂ ਉਜਾੜਦੀਆਂ ਨਹੀਂ — ਮੈਨੂੰ ਮੁਆਫ ਕਰਦੇ — ਬਖਸ਼ ਦੇ — ਜੀਰੇ ਨੂੰ ਆਜ਼ਾਦ ਕਰ ਦੇ।"

ਜਾਜੀ ਨੂੰ ਕੁਆਰ ਗੰਦਲ ਖਾਂਦਿਆਂ ਦੇਖ ਕੇ ਗੁੱਲਾਂ ਬਹੁਤ ਖੁਸ਼ ਹੋਈ ਤੇ ਖੁਲ੍ਹ ਕੇ ਗੜਾਕੇ ਮਾਰਣ ਲਗੀ — ਉਹਦੇ ਗੜਾਕਿਆਂ ਨਾਲ ਜਾਮੀ ਤਰਖਾਨ ਦਾ ਮਕਾਨ — ਮਕਾਨ ਦੇ ਵੇਹੜੇ ਲਗਾ ਢਲਣ ਦਾ ਰੁੱਖ ਤੇ ਰੁੱਖ ਉਤੇ ਬੈਠੇ ਪੰਛੀ ਕੰਬ ਗਏ — ਚੁਲਾਹਿਆਂ ਦੀ ਠੱਠੀ 'ਚ ਬਿਜਲੀ ਇਕ ਵੇਰ ਫੇਰ ਡਿੱਗੀ — ਪਰ ਐਤਕੀਂ ਕੋਈ ਮਕਾਨ ਨਹੀਂ ਢੱਠਾ — ਕੋਈ ਕਲੀ ਬਿਜਲੀ ਦੀ ਜ਼ੱਦ ਵਿਚ ਨਹੀਂ ਆਈ — ਸਿਰਫ ਗਰਜਦੀ ਬਿਜਲੀ ਦੀ ਚਮਕ 'ਚ ਜਾਜੀ ਦੇ ਵਜੂਦ ਵਿਚੋਂ ਧੂਆਂ ਉਠਦੇ ਸਭਨਾ ਨੇ ਦੇਖਿਆ।

# ਰਾਜੇਸ਼ ਖੰਨਾ ਸਭ ਤੋਂ ਵਧੀਆ ਕਲਾਕਾਰ

ਬੰਬਈ — ਸਵਰਗਬਾਸੀ ਸ੍ਰੀ ਸੁਹਰਾਬ ਮੋਦੀ ਨੂੰ ਉਨ੍ਹਾਂ ਦੀਆਂ ਫਿਲਮੀ ਕਿਰਤਾਂ ਲਈ ਮਰਨ ਉਪਰਾਂਤ ਸਨਮਾਨਿਆ ਗਿਆ ਹੈ। ਸੁਹਰਾਬ ਮੋਦੀ ਦੀ ਪਤਨੀ ਮਹਿਤਾਬ ਜਿਸ ਨੇ 'ਝਾਂਸੀ ਕੀ ਰਾਣੀ' ਵਿਚ ਮੁਖ ਰੋਲ ਅਦਾ ਕੀਤਾ ਸੀ, ਇਹ ਸਨਮਾਨ ਪ੍ਰਾਪਤ ਕੀਤਾ।

ਰਾਜੇਸ਼ ਖੰਨਾਂ ਅਤੇ ਮਨੀਸ਼ਾ ਕੋਹਲੀ ਨੂੰ ਸਭ ਤੋਂ ਵਧੀਆ ਕਲਾਕਾਰ ਹੋਣ ਲਈ ਸਨਮਾਨਿਆ ਗਿਆ। ਰਾਜੇਸ਼ ਖੰਨਾਂ ਨੂੰ ਇਹ ਪੁਰਸਕਾਰ ਉਸ ਦੀ ਫਿਲਮ 'ਅਵਤਾਰ' ਦੀ ਅਦਾਕਾਰੀ ਲਈ ਅਤੇ ਮਨੀਸ਼ਾ ਨੂੰ 'ਦੋ ਗੁਲਾਬ' ਵਿਚ ਅਦਾਕਾਰੀ ਲਈ ਦਿਤਾ ਗਿਆ ਹੈ।

# ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ ਸੁਮੀਤ ਸਿੰਘ ਸੰਪਾਦਕ 'ਪ੍ਰੀਤਲੜੀ' ਦੇ ਧਾਰਮਿਕ ਜਨੂੰਨੀਆਂ ਹਥੋਂ ਕਤਲ ਦੇ ਵਹਿਸ਼ੀ ਕਾਰਨਾਮੇ ਤੇ ਲਾਹਨਤ ਪਾਉਂਦੀ ਹੈ। ਪਿਛਲੇ ਕੁਝ ਅਰਸੇ ਤੋਂ ਪੰਜਾਬ ਵਿਚ ਝੁੱਲ ਰਹੀ ਫਿਰਕੂ ਹਨੇਰੀ ਦਾ ਸੁਮੀਤ ਸਿੰਘ ਨੇ ਆਪਣੇ ਪਿਤਾ ਨਵਤੇਜ ਸਿੰਘ ਅਤੇ ਬਾਬੇ ਗੁਰਬਖਸ਼ ਸਿੰਘ ਦੀਆਂ ਲੀਹਾਂ ਤੇ ਚਲਦਿਆਂ ਡੱਟ ਕੇ ਵਿਰੋਧ ਕੀਤਾ। 'ਪ੍ਰੀਤਲੜੀ' ਦੀ ਪਿਛਲੇ ਢਾਈ ਸਾਲਾਂ ਦੀ ਸੰਪਾਦਨਾ ਦੌਰਾਨ ਸੁਮੀਤ ਨੇ ਸਮੇਂ ਸਮੇਂ ਸਿਰ ਬੜੇ ਵਿਉਂਤਬਦ ਤੇ ਨਿਡਰ ਢੰਗ ਨਾਲ ਧਾਰਮਿਕ ਤੇ ਰਾਜਸੀ ਲੀਡਰਾਂ ਦੇ ਪਹਿਰਾਵੇ ਵਿਚ ਛੁਪੇ ਫਿਰਕੂ, ਭਰਿਸ਼ਟ ਤੇ ਜਨੂੰਨੀ ਲੀਡਰਾਂ ਦਾ ਪਾਜ ਖੋਲ੍ਹਿਆ। ਫਿਰਕੂਆਂ ਨੂੰ ਇਹ ਕੁਝ ਨਾ ਭਾਇਆ ਤੇ ਉਹਨਾਂ ਨੇ ਚੜ੍ਹਦੇ ਸੂਰਜ ਦੀ ਕਿਰਨ ਨੂੰ ਕਤਲ ਕਰਨ ਦਾ ਮਨਸੂਬਾ ਬਣਾ ਕੇ 22 ਫਰਵਰੀ ਨੂੰ ਸਿਰੇ ਚੜ੍ਹਾਇਆ। ਸਾਡੀ ਐਸੋਸੀਏਸ਼ਨ ਸਮਝਦੀ ਹੈ ਕਿ ਇਹ ਫਿਰਕੂਆਂ ਦੀ ਕਮਅਕਲੀ ਹੈ ਜੁ ਉਹ ਸਮਝਦੇ ਹਨ ਕਿ ਇਕਾ ਦੁੱਕਾ ਕਿਰਨਾਂ ਦੇ ਕਤਲ ਨਾਲ ਉਹ ਸੂਰਜ ਨੂੰ ਕਤਲ ਕਰ ਸਕਣਗੇ। ਪੰਜਾਬ ਨੂੰ ਫਿਰਕਾਪ੍ਰਸਤੀ ਤੇ ਫੁੱਟ ਪਾਊ ਰਾਹ ਤੇ ਲਿਜਾਂਦੀਆਂ ਅਖਾਉਤੀ ਨੇਤਾਵਾਂ ਦੀਆਂ ਕਾਲੀਆਂ ਕਰਤੂਤਾਂ ਵਿਰੁਧ ਦਿਤੀ ਇਹ ਕੁਰਬਾਨੀ ਸਾਰੇ ਇਨਸਾਫ ਪਸੰਦ ਪੰਜਾਬੀਆਂ ਨੂੰ ਕੁਝ ਕਰਨ ਲਈ ਇਕ ਵੰਗਾਰ ਹੈ।


## ਤਜਰਬੇਕਾਰ ਸੁਨਿਆਰੇ ਦੀ ਲੋੜ

ਕੈਲਗਰੀ ਵਿਚ ਇਕ ਤਜਰਬੇਕਾਰ ਸੁਨਿਆਰੇ (Goldsmith) ਦੀ ਲੋੜ ਹੈ। ਜਿਸਨੂੰ ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਬੋਲਣ ਵਿਚ ਚੰਗੀ ਮੁਹਾਰਤ ਹੋਵੇ। ਲੋੜਵੰਦ ਸੱਜਣ ਹੇਠ ਲਿਖੇ ਪਤੇ ਤੇ ਖਤ ਲਿਖ ਸਕਦੇ ਹਨ :

**M. SINGH**
**1922 - 17th Ave. 7. S.W.**
**Calgary, Alberta**



## ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੀ 53ਵੀਂ ਸ਼ਹੀਦੀ ਵਰ੍ਹੇਗੰਢ ਦੇ ਮੌਕੇ 'ਤੇ

## ਕਲਚਰਲ ਪਰੋਗਰਾਮ

ਐਤਵਾਰ ਮਾਰਚ 25, ਦੁਪਹਿਰ 2 ਵਜੇ
ਡਗਲਸ ਕਾਲਜ ਆਡੋਟੋਰੀਅਮ
700 Royal Ave., New Westminster
(8th ਅਤੇ ਰਾਇਲ ਐਵੇਨਿਊ ਦੇ ਕਾਰਨਰ 'ਤੇ)

ਡਰਾਮੇ :

**ਸ਼ਹੀਦ ਦੀ ਵਾਪਸੀ** (ਲੇਖਕ : ਸ: ਗੁਰਸ਼ਰਨ ਸਿੰਘ)
**ਜਾਗੀਰੂ ਲੰਬੜ** (ਲੇਖਕ : ਸਾਧੂ)

ਭੰਗੜਾ ਅਤੇ ਗੀਤ ਸੰਗੀਤ ਵੀ ਹੋਵੇਗਾ
ਟਿਕਟ 4 ਡਾਲਰ
(ਸਿਰਫ ਗੋਦ ਵਿਚ ਬੈਠਣ ਵਾਲੇ ਬੱਚੇ ਫਰੀ)

ਹੋਰ ਜਾਣਕਾਰੀ ਲਈ ਫੋਨ ਕਰੋ :
ਹਰਿੰਦਰ ਮਾਹਲ : 588-0002 ਨਿਰਮਲ ਰਤਨ : 584-7942
ਹਰੀ ਸ਼ਰਮਾ : 420-2972

ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੇਰਿਕਾ(ਇਪਾਨਾ)



## Supreme Business Services

ਛੋਟੇ ਬਿਜ਼ਨਿਸਾਂ ਲਈ ਲੋੜਾਂ ਮੁਤਾਬਕ ਪੂਰਾ ਪੈਕੇਜ

- ਬੁਕ ਕੀਪਿੰਗ
- ਟੈਲੀਫੋਨ ਜਵਾਬ
- ਰੀਸੈਪਸ਼ਨਿਸਟ ਤੇ ਸੈਕਟਰੀ ਸਰਵਿਸ
- ਕਿਰਾਏ ਲਈ ਆਫਿਸ
- ਇਨਕਮ ਟੈਕਸ ਪੇਪਰ ਭਰਨੇ
- ਫੋਟੋ ਕਾਪੀ

ਵਧੀਆ ਕੰਮ ਲਈ :

ਐਬਟਸਫੋਰਡ **852-4703**
ਮੇਪਲ ਰਿਜ **463-5128**
ਮਿਸ਼ਨ **826-1884**

Locations:
3 - 22336 Lougheed Hiway
Maple Ridge, V2X 2T4
2586 Cyril Street
Abbotsford, V2S 5V2
7340 Horne Street
Mission, V2V 3Y6


# ਪ੍ਰਸੰਨ ਲੰਮੀ ਉਮਰ

ਰਾਮ ਸਿੰਘ ਢਿੱਲੋਂ(ਗੋਰਾਇਆ) ਸਰੀ, ਬੀ. ਸੀ.

ਮੈਂ ਹਾਲੇ 19 ਕੁ ਸਾਲਾ, ਅੰਮ੍ਰਿਤਸਰ ਖਾਲਸਾ ਕਾਲਜ ਸਟੂਡੈਂਟ ਸਾਂ ਜਦ ਮੇਰੀ ਜਾਣ ਪਛਾਣ ਸਵਰਗੀ ਸ੍ਰ: ਗੁਰਬਖਸ਼ ਸਿੰਘ ਪ੍ਰੀਤਲੜੀ ਨਾਲ, ਜਦ ਹਾਲੇ ਇਹ ਜਰਨੈਲ ਫੂਲਾ ਸਿੰਘ ਦੀ ਸਮਾਧ, ਕਾਬਲ ਦਰਿਆ ਦੇ ਕੰਢਿਓਂ ਨਿਕਲਦੀ ਸੀ, ਹੋਈ। ਮਾਪਿਆਂ ਦਾ ਇਕਲੌਤਾ ਬੇਟਾ ਸਾਂ ਤੇ ਪਿਤਾ ਜੀ ਕੈਨੇਡਾ ਤੋਂ ਖੁਲ੍ਹਾ ਖਰਚ ਭੇਜ ਦਿਆ ਕਰਦੇ ਸਨ। ਓਸ ਦੂਲੇ ਸਰਦਾਰ ਦੀ ਕਲਮ ਦਾ ਸਦਕਾ, ਇਕ ਪੈਸਾ ਵੀ ਕਦੀ ਮੈਂ ਸ਼ਰਾਬ ਜਾਂ ਕਿਸੇ ਹੋਰ ਭੈੜੇ ਰਾਹ ਨਹੀਂ ਖਰਚਿਆ ਸੀ। ਮੇਰਾ ਗੋਰਾਇਆ ਪਿੰਡ ਅੱਡੇ ਤੇ ਹੋਣ ਕਰਕੇ ਤੇ ਬਾਕੀ ਨੇੜਲੇ ਜਾਂ ਦੁਰਾਡੇ ਪਿੰਡਾਂ ਲਈ ਆਵਾਜਾਈ ਦੇ ਸਾਧਨ ਨਾ ਹੋਣ ਕਰਕੇ, ਮਿਤਰ ਤੇ ਅੱਗੋਂ ਉਨ੍ਹਾਂ ਦੇ ਮਿਤਰ, ਮੇਰੇ ਕੋਲ ਹੀ ਰਾਤ ਕਟਣ ਲਈ ਆ ਟਿਕਿਆ ਕਰਦੇ, ਸੋ ਮਿਤਰਾਂ ਦਾ ਘੇਰਾ ਹਮੇਸ਼ਾਂ ਵਡੇ ਤੋਂ ਵਡੇਰਾ ਹੀ ਹੁੰਦਾ ਗਿਆ। ਏਸ ਮਿਤਰ-ਘੇਰੇ ਵਿਚ ਸਾਧਾਰਨ ਕਾਮੇਂ ਕਿਸਾਨਾਂ ਤੋਂ ਲੈ ਕੇ ਭਾਰਤ ਦੇ ਡੀਫੈਂਸ ਮਨਿਸਟਰ ਤਕ ਆ ਜਾਂਦੇ ਸਨ।

ਮਹਾਂ ਪੁਰਸ਼ ਵੀ ਮੈਨੂੰ ਅਵਤਾਰਾਂ ਨਾਲੋਂ ਪੂਰਨ-ਇਨਸਾਨ ਬਹੁਤੇ ਜਾਪਦੇ ਸਨ; ਇਨਸਾਨ ਨੂੰ ਵੀ ਮੈਂ ਰੱਬ ਦਾ ਸਰੂਪ ਹੀ ਸਮਝਣ ਲਗ ਪਿਆ ਸਾਂ ਤੇ ਸਮਝਦਾ ਹਾਂ(ਇਸ ਬਾਰੇ ਕਦੀ ਫੇਰ ਲਿਖਾਂਗਾ) ਇਨਸਾਨ ਦੇ ਵੀ ਮੈਂ ਬਾਕੀ ਮੂਲ ਗੁਣਾਂ ਨਾਲੋਂ ਸੇਹਤ ਪੱਖੋਂ, ਤੰਦਰੁਸਤੀ ਨੂੰ ਪਹਿਲ ਦਿੰਦਾ ਰਿਹਾ ਹਾਂ। ਜਿਥੋਂ ਕਿਤੋਂ ਵੀ ਸੇਹਤ ਬਾਰੇ ਲੇਖ ਮਿਲਦਾ ਹੈ, ਪੜ੍ਹਕੇ ਬੜੀ ਪ੍ਰਸੰਨਤਾ ਹੁੰਦੀ ਹੈ ਤੇ ਇਹ ਪ੍ਰਸੰਨਤਾ ਮੈਂ ਆਪਣੇ ਪੰਜਾਬੀ ਬੋਲਦੇ ਭਾਈਚਾਰੇ ਨਾਲ ਸਾਂਝੀ ਕਰਨ ਦਾ ਇਛੱਕ ਰਹਿੰਦਾ ਹਾਂ।

ਇਨਸਾਨ ਦੇ ਸਰੀਰ ਵਿਚ ਜਿਹੜਾ ਨਿਕਾ ਤੇ ਸੂਖਮ ਜੇਹਾ ਦੋ-ਸਲੰਡਰਾ ਪੰਪ ਹੈ, ਜਿਹਨੂੰ ਦਿਲ ਕਹਿੰਦੇ ਹਨ, ਬੜੀ ਹੀ ਬੇ-ਬਹਾ ਤੇ ਅਣਮੁੱਲੀ ਵਸਤੂ ਹੈ ਜਾਂ ਆਖੋ ਕਿ ਓਸ ਦਾਤਾਰ ਵਲੋਂ ਆਪਦੇ ਸਰੂਪ(ਬੰਦੇ ਲਈ ਇਕ ਵਿਸ਼ੇਸ਼ ਭੇਂਟ ਹੈ। ਜਿਵੇਂ ਪਹਿਲਾਂ ਵੀ ਮੈਂ ਲਿਖ ਚੁਕਾਂ ਕਿ ਇਹ ਸੂਖਮ ਜੇਹਾ ਪੁਰਜ਼ਾ, ਹਾਲੇ ਬੱਚਾ ਗਰਭ 'ਚ ਐਵੇਂ ਇਨਸਾਨੀ-ਚਿਤਰ ਜੇਹਾ ਹੀ ਧਾਰਨ ਕਰਦਾ ਹੈ ਤਾਂ ਇਹ ਆਪਣਾ ਕੰਮ ਕਰਨਾ ਅਥਵਾ ਚਲਣਾ ਸ਼ੁਰੂ ਕਰ ਦਿੰਦਾ ਹੈ ਤੇ ਇਨਸਾਨ ਦੇ ਮਰਨ ਤਕ ਸਾਰੀ ਉਮਰ ਭਾਵੇਂ ਇਨਸਾਨ 169 ਸਾਲ ਦਾ ਹੋ ਕੇ ਅੰਤਮ ਸਾਹ ਖਿਚੇ(ਕਜ਼ਾਕਿਸਤਾਨ ਦਾ ਸਭ ਤੋਂ ਲੰਮੀ-ਉਮਰਾ ਇਨਸਾਨ) ਇਹ ਇਕ ਮਿੰਟ ਵੀ ਚਲਣੋਂ ਬੰਦ ਨਹੀਂ ਹੁੰਦਾ।

ਸਾਇੰਸ ਨੇ ਪ੍ਰਤੱਖ ਸਾਬਤ ਕਰ ਦਿਤਾ ਹੈ ਕਿ ਇਨਸਾਨ ਦੀ ਉਮਰ ਜੰਮਣ ਤੋਂ ਵੀ ਪਹਿਲਾਂ ਮਸਤਕ ਤੇ ਲਿਖੀ ਨਹੀਂ ਹੁੰਦੀ, ਇਹਦਾ ਸਬੂਤ, ਚੰਗੇ ਡਾਕਟਰੀ ਸਾਧਨਾਂ ਵਾਲੇ ਦੇਸ਼ ਦੇ ਇਨਸਾਨਾਂ ਦੀ ਔਸਤ-ਉਮਰ ਬਹੁਤੀ ਹੈ ਤੇ ਘਟ ਸਾਧਨਾਂ ਵਾਲਿਆਂ ਦੀ ਘਟ ਹੈ। ਇੰਦੁਸਤਾਨ ਦੀ ਵੀ 1928-29 ਵਿਚ ਔਸਤ-ਉਮਰ ਡਾਕਟਰੀ ਸਾਧਨਾਂ ਕਾਰਨ 24-25 ਤੋਂ ਅਜ 48-50 ਦੇ ਕਰੀਬ ਉਪੜ ਚੁਕੀ ਹੈ।

ਚੰਗੇ ਖਾਂਦੇ ਪੀਂਦੇ ਦੇਸ਼ਾਂ ਦੇ ਵਸਨੀਕਾਂ ਨੂੰ ਬਹੁਤਾ ਖਾਣ-ਪੀਣ ਕਾਰਨ ਲੋੜੀਂਦੇ ਭਾਰਤ ਨਾਲੋਂ ਵਾਧੂ ਭਾਰ ਦਾ ਹੋ ਜਾਣਾ, ਕਾਰਾਂ ਤੇ ਹੋਰ ਅਜੋਕੀ ਮਸ਼ੀਨੀ-ਸਹੂਲਤਾਂ, ਕਸਰਤ ਦੀ ਘਾਟ ਹੈ। ਅਜ ਤੋਂ 100 ਸਾਲ ਪਹਿਲਾਂ ਅਮਰੀਕਾ ਦੇ ਵਸਨੀਕਾਂ ਵਿਚ ਬਲੱਡ-ਪਰੈਸ਼ਰ ਤੇ ਦਿਲ ਦੀ ਬੀਮਾਰੀ ਹੈ ਹੀ ਨਹੀਂ ਸੀ ਕਿਉਂ ਜੋ ਲੋਕੀ ਮੁਸ਼ੱਕਤੀ-ਕੰਮ ਬਹੁਤ ਕਰਦੇ ਸਨ। ਚੰਗੇ-ਚੋਖੇ ਖਾਣੇ, ਤਮਾਖੂ, ਸ਼ਰਾਬ, ਕਾਰਾਂ ਆਦਿ ਦੇ ਸਫਰ, ਮਸ਼ੀਨਾਂ ਦੇ ਆਰਾਮ-ਦੇਹ ਕੰਮ, ਨੇਹਮਤ ਦੀ ਬਜਾਏ ਜ਼ੈਹਮਤ ਸਾਬਤ ਹੋ ਰਹੇ ਹਨ। ਬਲੱਡ-ਪਰੈਸ਼ਰ ਦੇ ਦਿਲਰੋਗ ਦੇ ਮਰੀਜ਼ ਹਜ਼ਾਰਾਂ ਨਹੀਂ ਲੱਖਾਂ ਬਣ ਰਹੇ ਹਨ ਅਤੇ ਇਹ ਗਿਣਤੀ ਰੋਜ਼ ਵਧਦੀ ਹੀ ਜਾਂਦੀ ਹੈ।

ਘੁਟ ਦਾਰੂ ਦਾ ਪੀ ਜਾਂ ਦੋ ਗਲਾਸ ਬੀਅਰ ਦੇ ਚਾੜ੍ਹ, ਨਾਲ ਸਿਗਰਟ ਦੇ ਸੂਟੇ, ਮਗਰੋਂ ਖੁਲ੍ਹੇ ਘਿਓ ਵਿਚ ਤੜਕਿਆ ਮਾਸ ਤੇ ਚਟ-ਪਟੀਆਂ ਦਾਲਾਂ ਸਬਜ਼ੀਆਂ, ਭਾਰ ਵਧਾਉਣ ਲਈ ਬੜੀ ਹਲਾਸ਼ੇਰੀ ਦਿੰਦੀਆਂ ਹਨ। ਏਨਾ ਕੁਝ ਖਾ ਪੀ, ਕਸਰਤ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮੰਜੇ ਡਿਗ ਘੁਰਾੜੇ ਤੇ ਘੁਰਾੜਾ ਤੇ ਸਵੇਰੇ ਕੰਮ ਤੇ ਜਾਣ ਲਈ ਅਲਾਰਮ ਜਾਂ ਚੱਲਦੇ ਫਿਰਦੇ ਕਲਬੂਤ ਵਾਲਾ ਇਸਤਰੀ ਅਲਾਰਮ ਆਦਿ ਹੀ ਮੰਜਿਓਂ ਘੜੀਸ, ਦਰ-ਮੂਹਰੇ ਖਲੋਤੀ ਕਾਰ ਵਿਚ ਸੁਟਦਾ ਹੈ। ਰਾਹ ਜਾਂਦਾ ਵੀ ਤੇ ਕੰਮ ਤੇ ਫੱਟੇ ਖਿਚਦਾ ਵੀ, "ਕੱਲ੍ਹ ਨੂੰ ਨਹੀਂ ਪੀਣੀ" ਜਾਂ, "ਹੁਣ ਕਸਰਤ ਸ਼ੁਰੂ ਕਰ ਹੀ ਦੇਣੀ ਹੈ" ਆਦਿ ਪ੍ਰਣ, ਰੋਜ਼ ਹੀ ਕਰਦਾ ਹੈ, ਪਰ ਪ੍ਰਣ ਨਿਰੇ ਪ੍ਰਣ ਹੀ ਰਹਿੰਦੇ ਹਨ, ਕਿਉਂ ਜੋ ਬਹੁਤਾ ਖਾਣ ਤੇ ਬਹੁਤਾ ਪੀਣ ਦੀ ਆਦਤ, ਪਾ ਲੈਣੀ ਬੜੀ ਸੌਖੀ ਹੈ ਪਰ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਬੜੇ ਜਿਗਰੇ ਅਥਵਾ ਤਕੜੀ ਵਿਲਪਾਵਰ ਤੇ ਗਟਸ ਦੀ ਲੋੜ ਹੈ, ਜਿਹੜਾ ਪੇਟੂ ਇਨਸਾਨ ਵਿਚ, ਨਸ਼ੇ ਆਦਿ ਆਦਤ ਦੇ ਗਲਬੇ ਕਾਰਨ ਬਹੁਤ ਘਟ ਹੋਇਆ ਕਰਦਾ ਹੈ ਤਾਂ ਹੀ ਤੇ ਇਕ ਉਰਦੂ ਦੇ ਸ਼ਾਇਰ ਨੇ ਆਖਿਆ ਸੀ, "ਐ ਜ਼ੌਕ ! ਦੇਖ, ਦੁਖਤ੍ਰੇ-ਰਾਜ਼(ਅੰਗੂਰ ਕੀ ਬੇਟੀ-ਸ਼ਰਾਬ) ਕੋ ਨਾ ਮੌਂਹ ਲਗਾ, ਛੁਟਤੀ ਨਹੀਂ ਹੈ ਮੌਂਹ ਸੇ ਯਿਹ ਕਾਫਰ ਲਗੀ ਹੁਈ।"

ਬੇ-ਕਸਰਤੇ ਇਨਸਾਨ ਦਾ ਦਿਲ ਬੜਾ ਆਰਾਮ-ਤਲਬ ਗੋਗੜੂ-ਸੇਠ ਬਣ ਜਾਂਦਾ ਹੈ ਤੇ ਸਰੀਰ ਦੇ ਹਰ ਹਿੱਸੇ ਨੂੰ ਆਪਣਾ ਫਰਜ਼ ਨਿਭਾਉਂਦਾ ਹੌਲੀ ਹੌਲੀ ਖੂਨ ਪੁਚਾਂਦਾ(ਪੰਪ ਕਰਦਾ) ਰਹਿੰਦਾ ਹੈ। ਜਿਵੇਂ ਘਰ ਦੀ ਪੱਕੀ ਨਾਲੀ ਵਿਚ, ਹੌਲੀ ਹੌਲੀ ਪਤਲਾ ਪਤਲਾ ਪਾਣੀ ਵਗਦਾ ਰਹੇ ਤਾਂ ਨਾਲੀ ਦੇ ਆਲੇ ਦੁਆਲੇ ਕੰਢਿਆਂ ਸਾਈਡਾਂ ਤੇ ਜਾਲਾ-ਉੱਲੀ ਜੇਹੀ ਜੰਮ ਜੰਮ ਪੱਕੀ ਹੁੰਦੀ ਹੈ ਤੇ ਉਸ ਵਿਚੋਂ ਬਦਬੋ ਵੀ ਆਉਣੀ ਸ਼ੁਰੂ ਹੋ ਜਾਂਦੀ ਹੈ, ਇਹੋ ਹੀ ਹਾਲ ਇਨਸਾਨ ਦੇ ਅੰਦਰਲਈਆਂ ਹਜ਼ਾਰਾਂ ਨਾਲੀਆਂ(ਨਾੜਾਂ) ਦਾ ਹੈ ਜਿੰਨਾਂ ਵਿਚ ਖੂਨ ਵਗਦਾ ਰਹਿੰਦਾ ਹੈ। ਇਨ੍ਹਾਂ ਨਾਲੀਆਂ ਦੇ ਅੰਦਰਵਾਰ ਚਰਬੀ ਆਦਿ ਜੰਮ ਜਾਂਦੀ ਹੈ ਤੇ ਜੋੜਾਂ ਤੇ ਵੀ ਕਾਰਬਨ ਜੇਹੀ ਜੰਮ ਜਾਣ ਕਾਰਨ ਦਰਦ ਸ਼ੁਰੂ ਹੋ ਜਾਂਦਾ ਹੈ। "ਬੜੇ ਸੋਹਣੇ ਸੀ, ਸ਼ਾਵਲ ਚੁਕ ਸਨੋ ਹਟਾਉਣ ਲਗ ਪਏ, ਐਵੇਂ ਦਸ ਕੁ ਕਹੀਆਂ ਚੁਕੀਆਂ, ਬੱਸ ਕੱਚੀਆਂ ਤਰੇਲੀਆਂ ਆਉਣ ਲਗ ਪਈਆਂ, ਉਹ ਤੇ, ਜੇ ਛੇਤੀ ਹਸਪਤਾਲ ਨਾ ਲਿਜਾਂਦੇ, ਤੇ ਪਤਾ ਨਹੀਂ ਕੀ ਹੋ ਜਾਂਦਾ ?" ਆਦਿ ਇਕ ਨਹੀਂ, ਸੈਂਕੜੇ ਕੇਸ ਏਹੋ ਜੇਹੇ ਸੁਣੀ-ਦੇਖੀਦੇ ਹਨ। ਆਰਾਮ ਨਾਲ ਚੱਲਦੇ ਗੋਗੜੂ ਸੇਠ-ਦਿਲ ਨੂੰ ਦੋ ਸ਼ਾਬਲਾਂ ਕਾਰਨ ਛੇਤੀ ਛੇਤੀ ਚਲਣਾ ਪੈ ਗਿਆ ਜਿਹੜਾ ਕਿ ਉਸਦੀ ਆਰਾਮ-ਤਲਬ ਆਦਤ ਤੋਂ ਉਲਟ ਸੀ ਤੇ ਅੱਗੋਂ ਚਰਬੀ ਜੰਮਣ ਕਾਰਨ ਨਾੜਾਂ ਦਾ ਖੂਨ-ਬਹਾਊ ਰਸਤਾ ਭੀੜਾ ਹੋ ਚੁਕਿਆ ਸੀ ਤੇ ਲਹੂ ਅਗੇ ਜਾ ਨਹੀਂ ਸੀ ਸਕਦਾ ਨਤੀਜਾ ਦਿਲ ਨੂੰ ਗਲ-ਘੋਟੂ ਆ ਜਾਂਦਾ ਹੈ ਤੇ ਸੂਖਮ ਦਿਲ ਜ਼ਖਮੀ ਹੋ ਜਾਂਦਾ ਹੈ। ਜ਼ਖਮੀ-ਦਿਲ ਦੀ ਮੁਰੰਮਤ ਤੇ ਨਾ-ਮੁਮਕਿਨ ਹੀ ਸਮਝੋ, ਏਹਨੂੰ ਤੇ ਏਡੇ ਵੱਡੇ ਇਮਤਿਹਾਨ ਵਿਚ ਪਾਉਣਾ ਹੀ ਪਾਪ ਹੈ।

ਨਾਲੀ ਵਿਚ ਜੇ ਪਾਣੀ ਦੀ ਬਾਲਟੀ ਭਰ, ਜ਼ੋਰ ਨਾਲ ਛੱਲ ਮਾਰ ਵਗਾਹੀਏ ਤਾਂ ਨਾਲੀ ਵਿਚ ਆਲੇ ਦੁਆਲੇ ਮੈਲ ਜਿਹੀ ਲਗਦੀ ਹੀ ਨਹੀਂ, ਤੇ ਨਾਲੀ ਦਾ ਪਾਣੀ-ਵਹਾ ਪੂਰੇ ਦਾ ਪੂਰਾ ਖੁਲ੍ਹਾ ਹੀ ਰਹਿੰਦਾ ਹੈ ; ਏਸੇ ਤਰਾਂ ਕਸਰਤ ਕਰਨ ਨਾਲ, ਦਿਲ-ਪੰਪ, ਛੇਤੀ ਛੱਲ ਵਾਂਗ ਖੂਨ, ਨਾਲੀਆਂ ਵਿਚ ਧੱਕਦਾ ਹੀ ਰਹਿੰਦਾ ਹੈ ਤੇ ਨਾੜਾਂ ਵਿਚ ਮੈਲ ਜੰਮਦੀ ਹੀ ਨਹੀਂ ਤੇ ਕਸਰਤੀ ਇਨਸਾਨ ਕਦੀ ਵੀ ਦੋ ਚਾਰ ਸ਼ਾਬਲਾਂ ਤੇ ਕੀ ਭਾਵੇਂ ਕਿੰਨੀਆਂ ਸਨੋ ਸ਼ਾਬਲਾਂ ਸੁਟ ਦੇਵੇ ਓਹਨੂੰ ਕਦੀ ਕੱਚੀਆਂ ਤਰੇਲੀਆਂ ਨਹੀਂ ਆਉਂਦੀਆਂ ਸਗੋਂ ਮੁਸ਼ੱਕਤੀ ਕੰਮ ਨਾਲ ਉਹਨੂੰ ਸਵਾਦ ਆਉਂਦਾ ਹੈ।

(ਚਲਦਾ

# ਧਾਰਮਿਕ ਦਰਪਣ

## ਮੂਲ ਮੰਤ੍ਰ

ਕਿਸ਼ਤ ਦਸਵੀਂ

## ਅਜੂਨੀ ਸੈਭੰ

ਹਰਚੰਦ ਸਿੰਘ (ਮੈਨੀਟੋਬਾ)

ਆਪਣੀ ਹੋਂਦ ਵਿਚ ਆਉਣ ਲਈ ਓਅੰਕਾਰ ਨੂੰ (ਮਨੁੱਖ ਵਾਂਗ) ਇਸਤਰੀ ਦੇ ਗਰਭ ਵਿਚ ਪੈਣ ਦੀ ਲੋੜ ਨਹੀਂ ਪਈ। ਉਹ ਆਪਣੀ ਹਸਤੀ ਦਾ ਮਾਲਕ ਖੁਦ ਆਪ ਹੈ।

ਹਰ ਸੰਸਾਰਕ ਪਦਾਰਥ ਦੀ ਹੋਂਦ ਦੇ ਪਿਛੇ ਕੋਈ ਨਾ ਕੋਈ ਬਾਹਰੀ ਕਾਰਨ [cause] ਛੁੱਪਿਆ ਹੁੰਦਾ ਹੈ। ਕਲਮ ਕਾਗਜ਼, ਮੇਜ਼ ਕੁਰਸੀ, ਚਾਰਪਾਈ ਮਕਾਨ ਆਦਿ, ਮਨੁੱਖਾ ਦੇ ਬਣਾਏ ਹੋਏ ਹੀ ਹੋਂਦ ਵਿਚ ਆਉਂਦੇ ਹਨ। ਬੈਲ, ਘੋੜਾ, ਆਦਮੀ ਆਦਿ ਦੀ ਹੋਂਦ ਦਾ ਕਾਰਨ, ਇਹਨਾਂ ਦੇ ਮਾਂ ਬਾਪ ਵਿਚ ਵੇਖਿਆ ਜਾ ਸਕਦਾ ਹੈ। ਅਸੀਂ ਆਪਣੇ ਇੰਦ੍ਰਿਆਂ ਨਾਲ, ਸੰਜੀਵ ਅਤੇ ਨਿਰਜੀਵ ਜਿੰਨ੍ਹਾਂ ਪਦਾਰਥਾਂ ਦਾ ਅਨੁਭਵ ਕਰ ਰਹੇ ਹਾਂ, ਉਹਨਾਂ ਸਭਨਾਂ ਦਾ ਕਾਰਨ ਉਹਨਾਂ ਤੋਂ ਬਾਹਰ ਹੈ। ਕੋਈ ਪਦਾਰਥ ਵੀ ਐਸਾ ਨਜ਼ਰ ਨਹੀਂ ਆਉਂਦਾ ਜਿਸ ਦੇ ਸਬੰਧ ਵਿਚ ਅਸੀਂ ਇਹ ਕਹਿ ਸਕੀਏ ਕਿ ਉਸ ਦੀ ਹੋਂਦ ਦਾ ਕਾਰਨ ਉਸਦੇ ਆਪਣੇ ਅੰਦਰ ਹੋਵੇ, ਜਿਸ ਨੇ ਆਪਣੇ ਆਪ ਨੂੰ ਆਪ ਹੀ ਪੈਦਾ ਕੀਤਾ ਹੋਵੇ।

ਪਦਾਰਥਾਂ ਦੇ ਹੋਂਦ ਵਿਚ ਆਉਣ ਬਾਰੇ ਯਾਦ ਰੱਖਣ ਵਾਲੀ ਇਹ ਪਹਿਲੀ ਸਾਰਥਕ ਸਚਾਈ ਹੈ।

ਬੈਲ, ਘੋੜਾ, ਆਦਮੀ ਆਦਿ ਦੇ ਸਬੰਧ ਵਿਚ ਇਕ ਹੋਰ ਗੱਲ ਵੇਖਣ ਵਿਚ ਆਉਂਦੀ ਹੈ। ਇਹਨਾਂ ਦੇ ਹੋਂਦ ਵਿਚ ਆਉਣ ਦੀ ਘਟਨਾ ਵਿਚ ਕਿਸੇ ਮਾਦਾ ਜੀਵ (ਗਾਂ, ਘੋੜੀ, ਇਸਤਰੀ ਆਦਿ) ਦੇ ਗਰਭ ਨੇ ਮਹੱਤਵ-ਪੂਰਨ ਰੋਲ ਅਦਾ ਕੀਤਾ ਹੈ। ਮਾਂ ਦੀ ਜੋਨੀ ਜਾਂ ਗਰਭ ਦੀ ਕ੍ਰਿਆ ਤੋਂ ਬਿਨਾਂ, ਅਸੀਂ ਇਹਨਾਂ ਸੰਜੀਵ ਪਦਾਰਥਾਂ ਦੇ ਪੈਦਾ ਹੋਣ ਦੀ ਕਲਪਨਾ ਨਹੀਂ ਕਰ ਸਕਦੇ। ਸੰਜੀਵ ਪਦਾਰਥਾਂ ਦੀ ਹੋਂਦ ਦੇ ਸਬੰਧ ਵਿਚ ਸ਼ਾਤਰ ਦੇ ਯਾਦ ਰੱਖਣ ਵਾਲੀ ਇਹ ਦੂਜੀ ਅਰਥ-ਪੂਰਨ ਸਚਾਈ ਹੈ।

ਮੂਲ ਮੰਤ੍ਰ ਵਿਚ, ਸ੍ਰੀ ਗੁਰੂ ਨਾਨਕ ਦੇਵ ਜੀ ਦਾ, ਓਅੰਕਾਰ ਦੇ ਸਬੰਧ ਵਿਚ 'ਅਜੂਨੀ' ਅਤੇ 'ਸੈਭੰ' ਵਿਸ਼ੇਸ਼ਣ ਵਰਤਣਾ, ਇਸ ਗੱਲ ਦਾ ਨਿਰਦੇਸ਼ਕ ਹੈ ਕਿ ਉਹ ਨਿਰਾਲਾ ਪੁਰਖ, ਆਮ ਜੀਵਾਂ ਵਾਂਗ, ਨਾ ਕਿਸੇ ਬਾਹਰਲੇ ਕਾਰਨ ਤੇ ਨਿਰਭਰ ਹੈ ਅਤੇ ਨਾ ਹੀ ਇਸਤਰੀ ਦੇ ਗਰਭ ਤੇ ਆਸ਼੍ਰਿਤ। ਉਸ ਪੁਰਖ ਦੇ ਇਸਤਰੀ ਗਰਭ ਤੋਂ ਨਿਰਪੇਖ ਹੋਣ ਦੀ ਸਚਾਈ ਨੂੰ ਗੁਰੂ ਜੀ ਨੇ ਇਹਨਾਂ ਸ਼ਬਦਾਂ ਰਾਹੀਂ ਦੁਹਰਾਇਆ ਹੈ :

ਨਾ ਤਿਸੁ ਬਾਪੁ ਨ ਮਾਇ ਤਿਨਿ ਤੂ ਜਾਇਆ।
(1279 : 13)

ਏਸੇ ਤੱਥ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹਨਾਂ ਸ਼ਬਦਾਂ ਦੁਆਰਾ ਵਰਨਣ ਕੀਤਾ ਹੈ :

ਤੂ ਪਾਰਬ੍ਰਹਮ ਪਰਮੇਸ਼ਰੁ,
ਜੋਨਿ ਨਾ ਆਵਹੀ। (1095 : 6)

ਓਅੰਕਾਰ ਸੱਚ ਦੇ, ਕਿਸੇ ਬਾਹਰਲੇ ਕਾਰਨ (external cause) ਤੋਂ ਸੁਤੰਤਰ ਹੋਣ ਦੇ ਤੱਤ ਨੂੰ, ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਤਰ੍ਹਾਂ ਦਰਸਾਇਆ ਹੈ :

ਆਪਣਾ ਆਪੁ ਆਪਿ ਉਪਾਏ,
ਅਲਖੁ ਨ ਲਖਣਾ ਜਾਈ। (912 : 4)

ਏਥੇ ਸਾਡੇ ਸ਼ਾਤਰਾਂ ਦੇ ਸਮਝਣ ਵਾਲੇ ਦੋ ਬਾਰੀਕ ਨੁਕਤੇ ਹਨ। ਪਹਿਲਾ, ਓਅੰਕਾਰ ਆਪਣੇ ਆਪ ਨੂੰ ਆਪ ਹੀ ਉਤਪੰਨ ਕਰਦਾ ਹੈ, ਦਾ ਆਸ਼ਾ ਇਹ ਹੋਇਆ, ਕਿ ਉਹ ਇਸ ਕ੍ਰਿਆ ਤੋਂ ਪਹਿਲਾਂ ਵੀ ਕਿਸੇ ਨਾ ਕਿਸੇ ਅਰਥ ਵਿਚ, ਕਿਸੇ ਨਾ ਕਿਸੇ ਰੂਪ ਵਿਚ, ਆਪਣੀ ਹੋਂਦ ਰੱਖਦਾ ਸੀ। ਜੇ ਉਹ ਪਹਿਲਾਂ ਹੋਂਦ ਨਹੀਂ ਸੀ ਰੱਖਦਾ ਤਾਂ ਫੇਰ ਉਸ ਨੇ ਆਪਣੇ ਆਪ ਨੂੰ ਪੈਦਾ ਕਿਵੇਂ ਕਰ ਲਿਆ? ਇਸ ਦਾ ਭਾਵ ਇਹ ਹੋਇਆ ਕਿ ਓਅੰਕਾਰ ਸਦਾ ਤੋਂ ਹੀ ਹੋਂਦ ਰੱਖਦਾ ਆ ਰਿਹਾ ਹੈ। ਉਹ ਮੁੱਢ ਰਹਿਤ, ਜਾਂ ਅਨਾਦੀ ਹੈ।

ਦੂਜਾ ਨੁਕਤਾ ਇਹ ਹੈ ਕਿ ਜੋ ਪੁਰਖ ਆਪਣੀ ਹੋਂਦ ਦਾ ਮਾਲਕ ਆਪ ਹੈ, ਉਹ ਆਪਣੇ ਆਪ ਦਾ ਅੰਤ ਕਿਸ ਤਰ੍ਹਾਂ ਕਰ ਸਕਦਾ ਹੈ? ਦੂਜੇ ਸ਼ਬਦਾਂ ਵਿਚ ਉਹ ਅਕਾਲ, ਜਾਂ ਅਨਾਹਤ ਹੈ। ਗੁਰੂ ਜੀ ਨੇ, ਓਅੰਕਾਰ ਪੁਰਖ ਦੇ ਆਦਿ-ਰਹਿਤ ਅਤੇ ਅੰਤ-ਰਹਿਤ ਹੋਣ ਦੇ ਲੱਛਣਾਂ ਨੂੰ, ਜਪੁ ਜੀ ਦੀਆਂ ਪਉੜੀਆਂ ਨੰ: 28,29,30 ਅਤੇ 31 ਵਿਚ, ਇਸ ਤਰ੍ਹਾਂ ਬਿਆਨ ਕੀਤਾ ਹੈ :

ਆਦੇਸੁ ਤਿਸੈ ਆਦੇਸੁ।
ਆਦਿ ਅਨੀਲੁ ਆਨਾਦਿ ਅਨਾਹਤਿ,
ਜੁਗੁ ਜੁਗੁ ਏਕੋ ਵੇਸੁ।

ਹੇ ਯੋਗੀ! ਨਮਸਕਾਰ ਕਰ, ਉਸ ਨਿਰੰਕਾਰ ਨੂੰ ਨਮਸਕਾਰ ਕਰ, ਜੋ ਸਭ ਸ੍ਰਿਸ਼ਟੀ ਦਾ ਮੁੱਢ ਹੈ, ਜੋ ਮੈਲ ਰਹਿਤ ਹੈ, ਜਿਸ ਦਾ ਆਪਣਾ ਕੋਈ ਮੁੱਢ ਨਹੀਂ, ਕੋਈ ਅੰਤ ਨਹੀਂ, ਤੇ ਜੋ ਜੁਗਾਂ ਜੁਗਾਂ ਤੋਂ ਪਰਿਵਰਤਨ-ਹੀਣ(ਅਬਦੂਲ, ਅਟੱਲ) ਚਲਿਆ ਆ ਰਿਹਾ ਹੈ।

ਮਨੁੱਖੀ ਦਿਮਾਗ, ਪ੍ਰਮਾਤਮਾ ਨੂੰ ਸ੍ਰਿਸ਼ਟੀ ਦੇ ਸਾਜਨ ਵਾਲਾ ਅਤੇ ਕਦੇ ਨਾ ਨਾਸ਼ ਹੋਣ ਵਾਲਾ ਪੁਰਖ, ਬੜੀ ਸੌਖ ਨਾਲ ਮੰਨ ਲੈਂਦਾ ਹੈ। ਪ੍ਰਮਾਤਮਾ ਦੇ, ਨਿਰਭਉਤਾ ਅਤੇ ਨਿਰਵੈਰਤਾ ਦੇ ਗੁਣਾਂ ਦਾ ਧਾਰਨੀ ਹੋਣ ਦੀ ਸਚਾਈ ਮੰਨਣ ਵਿਚ ਵੀ, ਉਸ ਦੇ ਸਾਹਮਣੇ ਕੋਈ ਜ਼ਿਆਦਾ ਔਖਿਆਈ ਨਹੀਂ ਆਉਂਦੀ। ਪਰ ਜਦ ਮਨੁੱਖੀ ਦਿਮਾਗ ਦੇ ਸਾਹਮਣੇ ਪ੍ਰਮਾਤਮਾ ਦੇ ਅੱਖਾਂ, ਕੰਨ, ਹੱਥ ਆਦਿ ਸਰੀਰਕ ਅੰਗਾਂ ਤੋਂ ਰਹਿਤ (ਨਿਰ-ਆਕਾਰ) ਸਚਾਈ ਰੱਖੀ ਜਾਂਦੀ ਹੈ, ਤਾਂ ਉਹ ਇਹ ਗੱਲ ਗ੍ਰਹਿਣ ਕਰਨ ਲਈ ਜਲਦੀ ਜਲਦੀ ਤਿਆਰ ਨਹੀਂ ਹੁੰਦਾ। ਏਹੀ ਗੱਲ ਪ੍ਰਮਾਤਮਾ ਦੇ ਆਪਣੇ ਆਪ ਤੋਂ ਪੈਦਾ ਹੋਣ ਦੇ ਗੁਣ ਦੇ ਸਬੰਧ ਵਿਚ ਕਹੀ ਜਾ ਸਕਦੀ ਹੈ। ਮਨੁੱਖ ਇਸ ਗੱਲ ਦੀ ਕਦੇ ਕਲਪਨਾ ਨਹੀਂ ਕਰ ਸਕਦਾ ਕਿ ਕੋਈ ਜੀਵ ਇਸਤਰੀ ਜਾਤੀ ਦੇ ਗਰਭ ਦੀ ਕ੍ਰਿਆ ਤੋਂ ਅਨਾਸ਼੍ਰਿਤ, ਸਵੈ-ਅਧੀਨ ਪੈਦਾ ਹੋ ਗਿਆ ਹੋਵੇ।

ਮਨੁੱਖ ਦੀ ਇਸ ਸਮੱਸਿਆ ਦਾ ਕਾਰਨ ਉਸ ਦਾ ਆਪਣਾ ਹੀ ਅਨੁਭਵ ਹੈ। ਆਪਣੇ ਸੀਮਿਤ ਅਨੁਭਵ ਵਿਚ, ਉਹ ਬੁੱਧੀ, ਗਿਆਨ, ਵਲਵਲੇ, ਤਰੰਗ, ਚਾਹ, ਕਾਮਨਾ ਆਦਿ, ਸੂਖਮ ਗੁਣ, ਸਦਾ ਸਥੂਲ ਸਰੀਰ ਨਾਲ ਸੰਯੁਕਤ ਹੀ ਵੇਖਦਾ ਆਇਆ ਹੈ। ਉਸ ਨੂੰ ਆਪਣੇ ਜੀਵਨ ਵਿਚ ਇਹ ਵੇਖਣ ਦਾ ਕਦੇ ਮੌਕਾ ਨਹੀਂ ਮਿਲਿਆ ਕਿ ਕਿਸੇ ਥਾਂ ਤੇ ਕੋਈ ਮਾਨਸਿਕ ਗੁਣ ਤਾਂ ਹਾਜ਼ਰ ਹੋਵੇ ਪਰ ਓਥੇ ਪੰਜ-ਭੌਤਿਕ ਸਰੀਰ ਹੋਂਦ ਨਾ ਰੱਖਦਾ ਹੋਵੇ। ਇਸ ਦੇ ਨਾਲ ਹੀ ਉਸ ਨੇ ਜਿੰਨੇ ਵੀ ਮਾਨਸਿਕ ਗੁਣ ਰੱਖਣ ਵਾਲੇ ਮਨੁੱਖ ਜਾਂ ਹੋਰ ਜੀਵ-ਜੰਤ ਵੇਖੇ ਹਨ, ਉਹ ਸਭ ਦੇ ਸਭ ਆਪਣੇ ਮਾਂ-ਬਾਪ ਤੋਂ ਪੈਦਾ ਹੋਏ ਹੀ ਵੇਖੇ ਹਨ। ਉਸਦੇ ਨਿੱਜੀ ਅਨੁਭਵ ਵਿਚ ਐਸਾ ਕਦੇ ਨਹੀਂ ਹੋਇਆ ਕਿ ਕੋਈ ਪੁਰਸ਼, ਇਸਤਰੀ, ਪਸ਼ੂ ਜਾਂ ਪੰਛੀ ਆਪਣੇ ਆਪ ਹੀ ਇਸ ਸੰਸਾਰ ਵਿਚ ਪ੍ਰਗਟ ਹੋ ਗਿਆ ਹੋਵੇ। ਇਸ ਪ੍ਰਕਾਰ ਦੇ ਵਾਰ ਵਾਰ ਵਾਪਰਨ ਵਾਲੇ ਮਨੁੱਖ ਦੇ ਨਿੱਜੀ ਅਨੁਭਵਾਂ ਨੇ ਉਸ ਨੂੰ ਏਨਾਂ ਜ਼ਿਆਦਾ ਪੱਖਪਾਤੀ ਬਣਾ (biased ਕਰ) ਦਿੱਤਾ ਹੈ ਕਿ ਆਪਣੇ ਆਪ ਤੋਂ ਉਪਜਨ ਵਾਲੀ ਕਿਸੇ ਹਸਤੀ ਦਾ ਉਸ ਲਈ ਸੰਕਲਪ ਕਰਨਾ ਵੀ ਇਕ ਅਸੰਭਵ ਜੇਹੀ ਗੱਲ ਬਣ ਗਈ ਹੈ।

(ਚਲਦਾ)

## ਬੱਚਿਆਂ ਲਈ — ਬੁੱਝ ਸਕੋਂ ਤਾਂ ਬੁੱਝੋ!

1.ਭੁਬੱਲ ਵਿਚ ਦੰਦੀਆ ਨੱਚੇ
ਪੂਛ ਮੇਰੇ ਹੱਥ।

2.ਵਣ ਵਿਚ ਵੱਡਿਆ.
ਵਣ ਵਿਚ ਟੁਕਿਆ
ਨਾਂ ਰਖਿਆ ਨਰੰਗਾ
ਭਾਂਤ ਭਾਂਤ ਦੇ ਕਪੜੇ ਪਾਂਦਾ
ਫਿਰ ਵੀ ਰਹਿੰਦਾ ਨੰਗਾ।

3. ਕਾਲਾ ਹੈ ਪਰ ਕਾਗ ਨਹੀਂ
ਲੰਮਾਂ ਹੈ ਪਰ ਨਾਗ ਨਹੀਂ।

4. ਆਠ ਕਾਠ ਦੀ ਲੱਕੜੀ
ਪਟ ਪਟ ਅੰਡੇ ਦੇ
ਦਾਣਾ ਖਾਏ ਨਾ ਪਾਣੀ ਪੀਵੇ
ਅੰਡੇ ਦੇਵੇ ਛੇ

5.ਦੋ ਬਾਹਮਣਾਂ ਦੀ ਇਕੋ ਬੋਦੀ

6.ਐਨੀ ਕੁ ਕੁੜੀ
ਉਹਦੇ ਜਰੀ ਜਰੀ ਦੰਦ
ਖਾਂਦੀ ਖਾਂਦੀ ਰੱਜੇ ਨਾਂਹੀਂ
ਬੰਨ੍ਹ ਚੁਕਾਏ ਪੰਡ

7.ਇਕ ਖੱਡ ਦੇ ਵਿਚ ਸੁੱਤਾ ਸੱਪ
ਦੋ ਹਥਾਂ ਨਾਲ ਲੀਤਾ ਨੱਪ

8.ਪਹਿਲਾਂ ਜੰਮਿਆ ਮੈਂ
ਫੇਰ ਜੰਮੀ ਮੇਰੀ ਮਾਈ
ਖਿਚ ਖਿਚ ਕੇ ਪਿਓ ਜਮਾਇਆ
ਪਿੱਛੋਂ ਆਈ ਤਾਈ

9. ਦੋ ਜੱਟਾਂ ਦਾ ਇਕ ਲੰਗੋਟਾ

10.ਝਿਊਰਾਂ ਦੀ ਝੋਟੀ
ਕਦੇ ਲਿੱਸੀ ਕਦੇ ਮੋਟੀ

## ਪਿਛਲੇ ਹਫਤੇ ਦੀਆਂ ਬੁਝਾਰਤਾਂ ਦੇ ਉਤਰ

1.ਉਂਗਲਾਂ, ਦੰਦ, ਜੀਭ ਤੇ ਢਿੱਡ
2.ਅੰਗੂਠਾ 3.ਨਹੁੰ 4.ਮੂੰਹ 5.ਖੁਦੋ ਖੂੰਡੀ 6.ਆਰੀ 7.ਸਲੰਘ
8.ਸੂਈ ਧਾਗਾ 9.ਕੰਘੀ 10.ਕੜਛੀ


## ਮਸਕੀ ਵਿਚ ਫ਼ਾਰਮ ਸੇਲ ਤੇ

20 ਏਕੜ ਦਾ ਇਕ ਫਾਰਮ ਮਸਕੀ ਵਿਚ ਸੇਲ ਤੇ ਹੈ। ਜਿਸ ਵਿਚ ਇਕ ਸ਼ੈਡ ਵੀ ਹੈ। ਅੱਠ ਏਕੜ ਸਟਰਾਅ ਬੇਰੀ ਲੱਗੀ ਹੋਈ ਹੈ ਬਾਕੀ ਲਈ ਫਾਰਮ ਤਿਆਰ ਹੈ।

ਫਾਰਮ ਰਸ ਬੇਰੀ ਤੇ ਸਟਰਾਅ ਬੇਰੀ ਦਾ ਹੈ।

ਇਸ ਫਾਰਮ ਦੀ ਕੀਮਤ ਬੜੀ ਵਾਜਬ ਹੈ। 2 ਲੱਖ ਡਾਲਰ ਵਿਚ ਇਹ ਖਰੀਦਿਆ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਫ਼ੋਨ ਕਰੋ :—

584-6943
588-5321


## 'ਕੈਨੇਡਾ ਦਰਪਣ' ਦਾ ਵਿਸਾਖੀ ਅੰਕ

ਪਾਠਕਾਂ, ਲੇਖਕਾਂ ਅਤੇ ਵਿਉਪਾਰੀ ਵੀਰਾਂ ਨੂੰ ਬੇਨਤੀ ਹੈ ਕਿ 'ਕੈਨੇਡਾ ਦਰਪਣ' ਦਾ 13 ਅਪਰੈਲ ਦਾ ਅੰਕ ਸਪੈਸ਼ਲ ਵਿਸਾਖੀ ਅੰਕ ਹੋਵੇਗਾ। ਲੇਖਕ ਵੀਰ ਰਚਨਾਵਾਂ ਭੇਜਣ ਅਤੇ ਵਿਉਪਾਰੀ ਵੀਰ ਇਸ਼ਤਿਹਾਰਾਂ ਲਈ ਥਾਂ ਰਾਖਵੀ ਪਹਿਲਾਂ ਹੀ ਕਰਵਾ ਲੈਣ। ਹੋਰ ਜਾਣਕਾਰੀ ਲਈ ਫੋਨ ਕਰੋ — 321-6360


ਭਾਰਤ ਜਾਣ ਦੀ ਤਿਆਰੀ ਹੈ?

**East West Travel Ltd.**

ਹਵਾਈ ਟਿਕਟਾਂ

ਸਾਥੋਂ ਹਰ ਏਅਰਲਾਈਨ ਦੀਆਂ ਹਵਾਈ ਟਿਕਟਾਂ ਮਿਲਦੀਆਂ ਹਨ।



Special for India, Pakistan, Fiji and West Indies.

**Mike Brar**

ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।

ਮਲਕੀਤ ਬਰਾੜ ਨੂੰ ਫ਼ੋਨ ਕਰੋ

Ph.(403)235-3661

#206-3517, 17 Ave. S.E. Calgary, Alta

T2A 0R5



**Harcharan S. Sanghera**

B.A.,(Hons.)B.T.

We wish to let everybody know, that Harry, top salesman has rejoined our firm, and is eager to help in matters of real estate.



Call (403)274-9586

COMMISSIONER FOR OATHS

HEIN REAL ESTATE CORPORATION 272-3382



# SUNSET PRINTING LTD.

4277 Fraser Street, Vancouver, B.C. V5V 4G1

(604)874-2023

- Bus. Cards
- Envelopes
- Letterheads
- Numbering

- Flyers
- NCR Forms
- Crash Imprints
- Work Orders

- ਬਿਜ਼ਨਿਸ ਕਾਰਡ
- ਲਿਫਾਫੇ
- ਲੈਟਰਹੈੱਡਜ
- ਨੰਬਰਿੰਗ

- ਇਸ਼ਤਿਹਾਰ
- ਐਨ. ਸੀ. ਆਰ. ਫਾਰਮ
- ਕਰੈਸ਼ ਇੰਪਰੈਂਟਜ਼
- ਵਰਕ ਆਰਡਰ

# BUY DIRECT FROM IMPORTER

7 W. Hastings, Vancouver, B.C.
PH: (604) 685-7050

## SUPER Specials

✶ EXTRA JUMBO SIZE ✶ LIGHTWEIGHT
✶ DURABLE ✶ SECURITY



**3 PCE. LUGGAGE SET**

Choice from 2 different sets

ਪਹਿਲਾਂ ਕੀਮਤ
32" Reg. $59.95
30" Reg. $49.95
28" Reg. $39.95

ਹੁਣ ਤਿੰਨੇ
$99.95



**All these units are good for all countries play indoor or out-door 110/220V**

**PHILIPS** SHAVER



Operates an AC 110/220 volt
**$54.95**

**Prosonic**

4 Band stereo Radio
Cassette Recorder Portable Power
Pack AM/FM-MPX/SW1/SW2



**$129.95**

COMPARE OUR PRICES

Citizen Radio Cassette tape recorder AM/FM/SW



**$54.95**

**SANYO**

M9810

Multi Voltage
AM/FM Shortware stereo cassette
Twm 2-way speaker system
5-Led Vu sound level meter

**$99.95**



For use in India
we sell presses, blenders, grinders and many other household things

We whole-sale
luggage, blank tapes
jewellery, watches
and kitchenware

GRINDER & BLENDER
Multi Voltage, Operates on AC 110/220 volt.
**$39.95**



SHALIMAR GIFTS LTD. & LONDON LOAN PAWNBROKERS LTD.
PH: (604) 685-7050
7 West Hastings, Vancouver, B.C. V6B 1G4

NOW TWO LOCATIONS TO SERVE YOU

# CANADIAN SURPLUS

OPEN SUNDAY
11.00 to 5.00 P.M.

19535 Fraser Hwy., Surrey, B.c. Ph. 530-1211

# ਮੋਰਚਾ ਐਕਸ਼ਨ ਕਮੇਟੀ ਵਲੋਂ ਦਿਤਾ ਗਿਆ ਮੈਮੋਰੈਂਡਮ

Mrs. Indira Gandhi,
Prime Minister of India,
New Delhi, India.
Through Consulate General of India,
Vancouver, B.C. Canada.
Madam Prime Minister,

We are shocked to hear that you and your puppets are now all out, like Aurangzeb, to eliminate the Sikh Nation from the Indian Continent. It is evident that Bhajan Lal of Haryana has not acted in his own capacity. A clear hatched conspiracy of congress high ups is percieved, which created racial tension in the State of Haryana, resulting in the killings of innocent Sikhs, damaging of the properties of Sikhs and burning of Sikh Temple in Panipat by the instigated Hindu Majority.

Madam this has been done by you, only to change the tone of demands of Anandpur Sahib Resolution into extremist slogans in the eyes of people in other States of India.

You, like your Father Mr. Nehru has been carrying this discriminatory policy all along. Government of India has from the very day of Independence, blamed Sikhs for the troubles created by congress leaders for their own benefits and **Votes.** All the promises of preindependence were put aside. Punjab was not given its **Constitutional Right,** when all other States were carved on the basis of Language. On the other hand **Congress Leaders** instigated the **Punjabi Speaking Hindus,** Harijans and other non Sikh Communities to declare Hindi as their Mother-Tongue. Falsified records were then used to delay the process to **create a fasting Hindu** in paralell to Master Tara Singh. The attention of public was changed from reality to unforeseen **created problems** and Punjabi Speaking State never came into being. Delaying tacties continued far too long until the Congress Government was able to create enough purported opposition and divide the State of Punjab into three States.

Sikhs, since their birth, have always been on the forefront fighting for freedom. The Government (Congress Leaders) have always betrayed them(Sikhs) making an excuse of being near the border of Pakistan. They were also told, "You cannot get any more Industry in Punjab because you are hard working and are ahead in per capita income than the rest of the Country." Inspite of all this they still worked hard to bring a **Green Revolution,** Your dreams came true. Sikhs were still kept at arms length by you.

The demands contained in the Anandpur Sahib Resolution are for all States, except the religious demands, which are for Sikhs. The Government of India has never given any serious thought but always painted them with blind color to maintain Dictatorship.

You have again sucessfully turned the peaceful marches, peaceful arrests made by Sikhs in favour of their demads, into communal roits by delaying tactics and policy of divide and rule.

We see innocent people being killed on all sides. Those who ignite the fire like yourself and Bhajan Lal run away from the site. We strongly condemn these actions of leaders.

So called by yourself and others as extremists were created by your Government to fight elections. Now they are working sucessfuly on the **Signals of Government** to tarnish the immage of those Sikhs who have given their lives to save Hindus and Hindu Religion and its followers, "your forefathers."

We strongly condemn all acts of terrorism, voilence and communal killings. We donot support extremists and separatists. We support Hindu Sikh Unity.

We urge the Governments of India, Haryana and Punjab (again your own) to compensate the families of those who were killed in these damaged. Rebuild the Gurdwara and punish those responsible for this act. Take appropriate action on Bhajan Lal for making irresponsible speeches to incite the majority mobs. (What is in your way now, not to declare this State under Governor rule ?). Bring peace and harmony back to the States by accepting long outstanding genuine demands of Sharomani Akali Dal of India as contained in the Anandpur Sahib Resolution at the earliest and let these brave and loyal countrymen enjoy the Independence.

Yours truly,
Thakar Singh Mann(Secretary)
Morch Action Committee.

Dated : March 21st, 1984

The following Societies have represented/ consented the above memorandum.

1. Guru Nanak Sikh Temple Delta Surrey, B.C.
2. Akali Singh Sikh Society, Vancouver, B.C.
3. Guru Nanak Sikh Temple Williams Lake, B.C.
4. Merritt Sikh Society, Merritt, B.C.
5. Punjabi Akali Singh Society, Victoria, B.C.
6. Sikh Temple, Squamish, B.C.
7. Sikh Cultural Society, Kamloops, B.C.
8. V.I. Khalsa Diwam Society, Nanaimo, B.C.
9. Khalsa Diwan Society, Victoria, B.C.
10. Khalsa Diwan Society, Lake Cowichan, B.C.
11. Paldi Khalsa Diwan Society, Paldi, B.C.
12. Khalsa Diwan Society Abbotsford, B.C.
13. Sikh Sewak Dal Vancouver, B.C.
14. Sikh Youth Federation of Canada

Copy to : Giani Zail Singh, President of India.
2. Sant Harchand Singh Longowal.
President Shromani Akali Dal of India.

# ਪਾਕਿ 'ਚ ਵਿਦਿਆਰਥੀ ਯੂਨੀਅਨਾਂ ਤੋਂ ਪਾਬੰਦੀ ਵਿਰੁਧ ਵਿਸ਼ਾਲ ਮੁਜ਼ਾਹਰੇ

ਪੇਸ਼ਾਵਰ — ਪਾਕਿਸਤਾਨ ਵਿਚ ਵਿਦਿਆਰਥੀ ਯੂਨੀਅਨਾਂ ਉਤੇ ਪਾਬੰਦੀ ਵਿਰੁਧ ਰੋਸ ਪ੍ਰਗਟ ਕਰਦਿਆਂ ਇਥੇ ਵਿਦਿਆਰਥੀਆਂ ਨੇ ਦੇਸ਼ ਦੇ ਤਾਨਾਸ਼ਾਹ ਹਾਕਮ ਜਨਰਲ ਜ਼ਿਆ ਅਤੇ ਉਸਦੇ ਵਿਦਿਆ ਮੰਤਰੀ ਦੀਆਂ ਅਰਥੀਆਂ ਸਾੜੀਆਂ। ਪੁਲਸ ਨੇ ਵਿਦਿਆਰਥੀਆਂ ਉਤੇ ਅੱਥਰੂ ਗੈਸ ਦੇ ਗੋਲੇ ਛਡੇ ਅਤੇ ਲਾਠੀਚਾਰਜ ਵੀ ਕੀਤਾ। ਇਹ ਰੋਸ ਮੁਜ਼ਾਹਰੇ ਦੇਸ਼ ਦੇ ਉਤਰ ਪੱਛਮੀ ਸਰਹੱਦੀ ਸੂਬੇ ਵਿਚ ਵੀ ਫੈਲ ਗਏ।

ਵਿਦਿਆਰਥੀਆਂ ਨੇ ਸਿੰਧ ਅਤੇ ਪੰਜਾਬ ਸੂਬਿਆਂ ਵਿਚ ਵੀ ਭਾਰੀ ਮੁਜ਼ਾਹਰੇ ਕੀਤੇ ਹਨ। ਪੁਲਸ ਨੇ ਪੰਦਰਾਂ ਵਿਦਿਆਰਥੀ ਗ੍ਰਿਫਤਾਰ ਕਰ ਲਏ।

# ਸਾਊਥ ਰਿਚਮੰਡ ਸਪੋਰਟਸ ਐਸੋਸੀਏਸ਼ਨ

ਪਿਆਰੇ ਦੋਸਤੋ,

ਸਾਊਥ ਰਿਚਮੰਡ ਸਪੋਰਟਸ ਐਸੋਸੀਏਸ਼ਨ, ਆਪਦੇ ਪੰਜਾਬੀ ਪੇਪਰ ਦੇ ਅਤੀ ਧੰਨਵਾਦੀ ਹਾਂ, ਇਸੇ ਤਰ੍ਹਾਂ ਹੀ ਮਾਨ ਮਿਊਜ਼ਕ ਵਾਲਿਆਂ ਦੇ ਅਤੇ ਬਾਕੀ ਰੇਡੀਓ ਪ੍ਰੋਗਰਾਮ ਵਾਲਿਆਂ ਦੇ ਅਤੀ ਧੰਨਵਾਦੀ ਹਾਂ। ਜਿਹੜੇ ਕਿ ਹਰ ਇਕ ਸਾਲ ਦੀ ਤਰ੍ਹਾਂ ਸਪੋਰਟਸ ਐਸੋਸੀਏਸ਼ਨ ਦਾ ਸੁਨੇਹਾ ਕਨੇਡਾ, ਅਮਰੀਕਾ, ਇੰਗਲੈਂਡ ਅਤੇ ਇੰਡੀਆ ਦੇ ਖਿਡਾਰੀਆਂ ਤਕ ਅਤੇ ਦਰਸ਼ਕਾਂ ਤਕ ਪਹੁਚਾਉਂਦੇ ਹਨ। ਸੋ ਅਸੀਂ ਆਸ ਕਰਦੇ ਹਾਂ ਕਿ 1984 ਦਾ ਸੁਨੇਹਾ ਵੀ ਹੇਠ ਲਿਖੇ ਦੀ ਤਰ੍ਹਾਂ ਪਹੁੰਚਾ ਕੇ ਧੰਨਵਾਦੀ ਬਣਾਉਣਗੇ।

ਸਾਊਥ ਰਿਚਮੰਡ ਸਪੋਰਟਸ ਐਸੋਸੀਏਸ਼ਨ ਰਿਚਮੰਡ ਨਿਵਾਸੀ ਵੀਰਾਂ ਦੇ ਅਤੇ ਰਿਚਮੰਡ ਤੋਂ ਬਾਹਰ ਰਹਿ ਰਹੇ ਵੀਰਾਂ ਦੇ ਅਤੀ ਧੰਨਵਾਦੀ ਹਨ, ਜਿਨ੍ਹਾਂ ਨੇ 31,31 ਜੁਲਾਈ 1983 ਵਿਚ ਟੂਰਨਾਮੈਂਟ ਦੀ ਮਾਲੀ ਸਹਾਇਤਾ ਕਰਕੇ ਇਸਨੂੰ ਕਾਮਯਾਬ ਕਰਨ ਲਈ ਚਾਰ ਚੰਨ ਲਾਏ। ਉਹਨਾਂ ਦਰਸ਼ਕਾਂ ਦੇ ਅਤੀ ਧੰਨਵਾਦੀ ਹਾਂ ਜਿਨ੍ਹਾਂ ਨੇ ਟੂਰਨਾਮੈਂਟ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਦੇਖਿਆ ਅਤੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕੀਤੀ। ਅਸੀਂ ਸਾਰੇ ਖਿਡਾਰੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਜਿਹਨਾਂ ਨੇ ਟੂਰਨਾਮੈਂਟ ਨੂੰ ਕਾਮਯਾਬ ਕਰਨ ਦੇ ਨਾਲ ਨਾਲ ਦਰਸ਼ਕਾਂ ਦੀ ਪ੍ਰਸੰਸਾ ਭੀ ਹਾਂਸਲ ਕੀਤੀ ਅਤੇ ਚੰਗੇ ਸਪੋਰਟਸਮੈਨ ਹੋਣ ਦੀ ਮਿਸਾਲ ਕਾਇਮ ਕੀਤੀ।

ਆਪ ਸਭ ਦੇ ਸਹਿਯੋਗ ਨਾਲ 4-5 ਅਗਸਤ 1984 ਨੂੰ ਤੀਸਰਾ ਸਲਾਨਾ ਟੂਰਨਾਮੈਂਟ ਪਿਛਲੇ ਸਾਲ ਵਾਲੀਆਂ ਗਰਾਉਂਡਾਂ ਵਿਚ ਹੋ ਰਿਹਾ ਹੈ। 1984 ਦੇ ਟੂਰਨਾਮੈਂਟ ਵਿਚ ਸ਼ਾਮਲ ਹੋਣ ਲਈ ਕਨੇਡਾ, ਅਮਰੀਕਾ, ਇੰਗਲੈਂਡ ਅਤੇ ਇੰਡੀਆ ਦੇ ਖਿਡਾਰੀਆਂ ਨੂੰ ਸੱਦਾ ਦਿੱਤਾ ਜਾਂਦਾ ਹੈ ਅਤੇ ਕਨੇਡਾ ਦੇ ਖਿਡਾਰੀਆਂ ਨੂੰ ਚੰਗੀ ਖੇਡ ਦਿਖਾਉਣ ਲਈ ਹੁਣ ਤੋਂ ਹੀ ਮਿਹਨਤ ਕਰਨ ਲਈ ਪਰੇਰਿਆ ਜਾਂਦਾ ਹੈ। ਖਿਡਾਰੀਆਂ ਨੂੰ ਟੂਰਨਾਮੈਂਟ ਵਿਚ ਜੇ ਕੋਈ ਘਾਟ ਮਹਿਸੂਸ ਹੁੰਦੀ ਹੋਵੇ ਤਾਂ ਉਹਨਾਂ ਨੂੰ ਪੂਰਾ ਅਧਿਕਾਰ ਹੈ ਕਿ ਘਾਟ ਪੂਰੀ ਕਰਨ ਲਈ ਕਮੇਟੀ ਦਾ ਸਹਿਯੋਗ ਦੇਣ।

ਸੁਲਝੇ ਹੋਏ ਦਰਸ਼ਕਾਂ ਨੂੰ ਇਸ ਸਾਲ ਫਿਰ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

ਆਪਦੇ ਅਤੀ ਧੰਨਵਾਦੀ
ਸਾਊਥ ਰਿਚਮੰਡ ਸਪੋਰਟਸ ਐਸੋਸੀਏਸ਼ਨ
ਸਕੱਤਰ ; ਦਿਲਜੀਤ ਬੈਂਸ
ਫ਼ੋਨ : 271-5764

## 'ਕੈਨੇਡਾ ਦਰਪਣ' ਆਪ ਪੜ੍ਹੋ ਤੇ ਦੂਜਿਆਂ ਨੂੰ ਪੜ੍ਹਾਓ


Kam Accounting Services

- Income Tax
- Bookkeeping
- Accounting

KAM DHALLA
2707 Main Street(at 11th Ave.)
Vancouver, B.C. V5T 3E9
At
LOYAL FURNITURE
Off: (604)874 - 9855
Res: (604)681 - 6642

ਕੈਲਗਰੀ ਵਿਚ ਹਰ ਕਿਸਮ ਦੀ ਕਾਨੂੰਨੀ ਸਲਾਹ ਤੇ ਮਸ਼ਵਰੇ ਲਈ

ਏ. ਵੈਬਸਟਰ ਮੈਕਡਾਨਲਡ
A. Webster Macdonald, Sr.
Barrister And Solicitor

ਨਰਿੰਦਰ ਨਾਥ ਮਲਿਕ
Narinder N. Malik
Barrister, Solicitor & Notary
ਜਾਇਦਾਦ, ਮਾਰਗੇਜ਼, ਐਕਸੀਡੈਂਟ ਕਲੇਮ, ਐਫੀਡੇਵਿਟ, ਤਲਾਕ ਆਦਿ ਸੇਵਾਵਾਂ ਵੀ

#202, 634 - 6th Ave. S.W.
CALGARY, ALBERTA T2P 0S4
Ph.(403)263-1300

ਅਸੀਂ ਵਧੀਆ ਸੇਵਾ ਦੀ ਗਰੰਟੀ ਦਿੰਦੇ ਹਾਂ
ਹੁਣ ਇਨਕਮ ਟੈਕਸ ਦੇ ਫਾਰਮ ਭੇਜਣ ਦਾ ਵਕਤ ਹੈ—-ਤੇ ਅਸੀਂ ਤੁਹਾਡੀ ਸੇਵਾ ਲਈ ਹਰ ਵਕਤ ਹਾਜ਼ਰ ਹਾਂ—ਆਓ ਤੇ ਸਹੀ ਜਾਣਕਾਰੀ ਪ੍ਰਾਪਤ ਕਰੋ। ਵਧੀਆ ਸੇਵਾਵਾਂ ਤੇ ਘੱਟ ਦਰ .........ਇਹ ਹੀ ਨਹੀਂ ਅਸੀਂ ਤੁਹਾਡੇ ਹਿਸਾਬ ਕਿਤਾਬ ਕਾਰੋਬਾਰੀ ਹਿਸਾਬ, ਕੰਪਨੀ ਮਾਮਲਿਆਂ ਬਾਰੇ ਹਮੇਸ਼ਾ ਸਹੀ ਜਾਣਕਾਰੀ ਦੇਣ ਦਾ ਵਾਅਦਾ ਕਰਦੇ ਹਾਂ .....
ਟੈਲੀਫੋਨ : 321-2132

BAINS TAX & ACCOUNTING SERVICE
6658 MAIN St.(at 51st Ave.)
VANCOUVER, B.C.
TELEPHONE:321-2132
WE PROVIDE
YEAR ROUND PROFESSIONAL SERVICES
ACCOUNTING,BOOKKEEPING,COMPANY FORMATION &


## ਪੰਚ ਫੜਿਆ ਗਿਆ

ਸਮਾਣਾ, —(ਲੋਕ ਵਾਰਤਾ) ਇਥੋਂ 21 ਕਿਲੋਮੀਟਰ ਦੂਰ ਘੱਗਾ ਪਿੰਡ ਦੇ ਇਕ ਪੰਚ ਨੂੰ ਪੰਚਾਇਤ ਵਲੋਂ 250 ਰੁਪਏ ਜੁਰਮਾਨਾ ਕੀਤਾ ਗਿਆ ਹੈ.

ਗੁਰਦੀਪ ਸਿੰਘ ਨੂੰ ਪਿੰਡ ਦੇ ਲੋਕਾਂ ਨੇ ਇਕ ਔਰਤ ਦੇ ਨਾਲ ਜਬਰਦਸਤੀ ਕਰਦੇ ਫੜ ਲਿਆ ਸੀ. ਜਿਸ ਕਾਰਨ ਪਚਾਇਤ ਨੇ ਉਸ ਨੂੰ ਜੁਰਮਾਨਾ ਕਰ ਦਿਤਾ. ਪਰੰਤੂ ਪਿੰਡ ਦੇ ਲੋਕਾਂ ਨੇ ਉਸਦੀ ਮੈਂਬਰਸ਼ਿਪ ਖਤਮ ਕਰਕੇ ਉਸ ਨੂੰ ਪੁਲਿਸ ਦੇ ਹਵਾਲੇ ਕਰਨ ਦੀ ਮੰਗ ਕੀਤੀ ਹੈ.

# ਪੰਜਾਬੀਅਤ ਨੂੰ ਤੰਗ ਦਿਲੀ ਦੀ ਜ਼ਹਿਰ ਤੋਂ ਬਚਾਓ

## ਲੇਖਕ ਕਨਵੈਨਸ਼ਨ ਦਾ ਸੱਦਾ

ਚੰਡੀਗੜ੍ਹ— ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਦਿੱਲੀ ਦੇ ਲਿਖਾਰੀਆਂ ਦੀ ਕਨਵੈਨਸ਼ਨ ਨੇ ਪੰਜਾਬ ਤੇ ਹਰਿਆਣੇ ਵਿਚ ਨਿਰਦਈ ਕਤਲਾਂ ਉਤੇ ਡੂੰਘੇ ਦੁਖ ਦਾ ਇਜ਼ਹਾਰ ਕੀਤਾ ਹੈ। ਕਨਵੈਨਸ਼ਨ, ਜਿਸ ਵਿਚ ਪੰਜਾਬੀ ਹਿੰਦੀ, ਉਰਦੂ ਤੇ ਅੰਗਰੇਜ਼ੀ ਦੇ 150 ਤੋਂ ਵੱਧ ਲੇਖਕਾਂ ਨੇ ਹਿਸਾ ਲਿਆ, ਨੇ ਇਕ ਮਤੇ ਵਿਚ ਫਿਰਕੂ ਹਿੰਸਾ ਵਿਚ ਉਭਰਦੇ ਨੌਜਵਾਨ ਪੰਜਾਬੀ ਲੇਖਕ ਤੇ ਪਤਰਕਾਰ ਸੁਮੀਤ ਦੇ ਬੁਜ਼ਦਿਲਾਨਾ ਕਤਲ ਦੀ ਵੀ ਸਖਤ ਨਿੰਦਾ ਕੀਤੀ ਹੈ।

ਕਨਵੈਨਸ਼ਨ ਨੇ ਕਿਹਾ ਕਿ ਸਮਾਂ ਆ ਗਿਆ ਹੈ ਕਿ ਪੰਜਾਬ ਦੇ ਲੋਕ ਸੌੜੀ ਤੇ ਤੰਗ ਨਜ਼ਰ ਸੋਚ ਤੇ ਰਾਜਨੀਤਕ ਤੇ ਵਿਚਾਰਧਾਰਕ ਵਖਰੇਵਿਆਂ ਤੋਂ ਉਪਰ ਉਠਣ ਅਤੇ ਆਪਣੀ ਰਵਾਇਤੀ ਤੇ ਇਤਿਹਾਸਕ ਪੰਜਾਬੀ ਸਾਂਝ ਉਤੇ ਪਹਿਰਾ ਦੇਣਾ ਤਾਂ ਜੋ ਮਿਲੇ ਜੁਲੇ ਪੰਜਾਬੀ ਸਭਿਆਚਾਰ ਨੂੰ ਤਬਾਹ ਹੋਣੋ ਬਚਾਇਆ ਜਾ ਸਕੇ। ਉਹਨਾਂ ਕਿਹਾ ਫਿਰਕੂ ਮੇਲ ਜੋਲ, ਭਰਾਤਰੀ ਸਦਭਾਵਨਾ ਤੇ ਰਾਜਨੀਤਕ ਸਮਸਿਆਵਾਂ ਵਲ ਸੰਤੁਲਤ ਤੇ ਉਦਾਰਤਾ ਭਰੀ ਪਹੁੰਚ ਦਾ ਨਾਂਅ ਹੀ ਪੰਜਾਬੀਅਤ ਹੈ। ਪੰਜਾਬੀਅਤ ਇਹ ਵੀ ਮੰਗ ਕਰਦੀ ਹੈ ਕਿ ਸਾਰੇ ਧਰਮ ਅਸਥਾਨਾਂ ਦਾ ਸਤਿਕਾਰ ਕੀਤਾ ਜਾਏ ਅਤੇ ਰਾਜਨੀਤਕ ਮੰਤਵ ਲਈ ਦਹਿਸ਼ਤਪਸੰਦੀ ਤੋਂ ਕੰਮ ਨਾ ਲਿਆ ਜਾਏ।

ਕਨਵੈਨਸ਼ਨ ਨੇ ਲਿਖਾਰੀਆਂ ਨੂੰ ਸੱਦਾ ਦਿੱਤਾ ਕਿ ਉਹ ਹਰ ਬਹਾਦਰ ਪੰਜਾਬੀਆਂ ਦੀ ਖਾਮੋਸ਼ ਬਹੁਗਿਣਤੀ ਨੂੰ ਅਗਵਾਈ ਦੇਣ। ਮਤੇ ਵਿਚ ਇਹ ਵੀ ਕਿਹਾ ਗਿਆ ਹੈ ਕਿ ਸਮਾਂ ਆ ਗਿਆ ਹੈ ਕਲਮ ਦੀ ਸ਼ਕਤੀ ਨੂੰ ਵਰਤੋਂ ਵਿਚ ਲਿਆਉਣ ਤੋਂ ਇਲਾਵਾ ਲਿਖਾਰੀ "ਪੰਜਾਬੀਅਤ" ਦੇ ਸਾਂਝੇ ਕਾਜ ਲਈ ਹੋਰ ਅਮਲੀ ਕਦਮ ਵੀ ਚੁਕਣ।

# ਪ੍ਰਮਾਣੂ ਜੰਗ ਦੇ ਖਤਰੇ ਵਿਰੁੱਧ ਦੋ ਦਿਨਾਂ ਕੌਮੀ ਸੰਮੇਲਨ

# ਤੇਰਾਂ ਅਪਰੈਲ ਨੂੰ ਦੇਸ਼ ਭਰ 'ਚ ਅਮਨ ਦਿਵਸ ਦਾ ਸੱਦਾ

ਨਵੀਂ ਦਿੱਲੀ — ਪ੍ਰਮਾਣੂ ਜੰਗ ਦੇ ਖਤਰੇ ਅਤੇ ਦੇਸ਼ ਦੀ ਸੁਰਖਿਆ ਉਤੇ ਮੰਡਲਾ ਰਹੇ ਖਤਰੇ ਵਿਰੁੱਧ ਅੱਠ ਖੱਬੇ ਪੱਖੀ ਜਮਹੂਰੀ ਪਾਰਟੀਆਂ ਵਲੋਂ ਬੁਲਾਏ ਗਏ ਦੋ ਦਿਨਾਂ ਅਮਨ ਸੰਮੇਲਨ ਵਲੋਂ 13 ਅਪਰੈਲ ਨੂੰ ਦੇਸ਼ ਭਰ ਵਿਚ ਜਲ੍ਹਿਆਂਵਾਲਾ ਬਾਗ ਦੇ ਸ਼ਹੀਦੀ ਦਿਵਸ ਉਤੇ 'ਸ਼ਾਂਤੀ ਦਿਵਸ' ਮਨਾਉਣ ਦਾ ਸੱਦਾ ਦਿੱਤਾ ਗਿਆ ਹੈ। ਅਮਨ ਦਿਵਸ ਦਾ ਸੱਦਾ ਸੰਮੇਲਨ ਵਿਚ ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਸਾਥੀ ਰਾਜੇਸ਼ਵਰ ਰਾਉ ਦੁਆਰਾ ਪੇਸ਼ ਕੀਤੇ ਗਏ ਉਸ ਮਤੇ ਵਿਚ ਦਿਤਾ ਗਿਆ ਸੀ ਜੋ ਕਿ ਪੂਰੇ ਦਿਨ ਦੀ ਜ਼ੋਰਦਾਰ ਬਹਿਸ ਤੋਂ ਬਾਦ ਸਰਵ ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਇਹ ਮਤਾ ਹੁਣ "ਦਿਲੀ ਘੋਸ਼ਣਾ ਪਤਰ" ਦੇ ਨਾਂ ਨਾਲ ਜਾਣਿਆ ਜਾਏਗਾ।

ਇਹ ਘੋਸ਼ਣਾ ਪੱਤਰ ਅਸਲ ਵਿਚ ਅੱਠ ਖਬੇ-ਪੱਖੀ ਤੇ ਜਮਹੂਰੀ ਪਾਰਟੀਆਂ ਵਲੋਂ ਦੇਸ਼ ਦੇ ਲੋਕਾਂ ਦੇ ਨਾਂ ਇਕ ਅਪੀਲ ਹੈ ਜਿਸ ਵਿਚ ਦਸਿਆ ਗਿਆ ਹੈ ਕਿਸ ਤਰਾਂ ਸਾਮਰਾਜਵਾਦੀ ਤਾਕਤਾਂ ਦੁਨੀਆਂ ਨੂੰ ਪ੍ਰਮਾਣੂ ਜੰਗ ਦੇ ਕੰਢੇ ਉਤੇ ਖਿਚ ਲਿਜਾਣਾ ਚਾਹੁੰਦੀਆਂ ਹਨ। ਇਸ ਘੋਸ਼ਣਾ ਪੱਤਰ ਵਿਚ ਇਹ ਵੀ ਦਸਿਆ ਗਿਆ ਹੈ ਕਿ ਕਿਸ ਤਰ੍ਹਾਂ ਅਮਰੀਕੀ ਸਾਮਰਾਜਵਾਦੀ ਪਾਕਿਸਤਾਨ ਨੂੰ ਅਤੀ ਅਧੁਨਿਕ ਹਥਿਆਰ ਦੇ ਕੇ ਹਿੰਦ ਮਹਾਂਸਾਗਰ ਵਿਚ ਆਪਣੇ ਜੰਗੀ ਬੇੜੇ ਤਾਇਨਾਤ ਕਰਕੇ ਭਾਰਤ ਨੂੰ ਬਲੈਕਮੇਲ ਕਰ ਰਹੇ ਹਨ ਤਾਂ ਕਿ ਗੁਟਨਿਰਲੇਪਤਾ, ਅਮਨ ਤੇ ਸਾਮਰਾਜ ਵਿਰੋਧੀ ਨੀਤੀ ਛਡਣ ਲਈ ਉਸ ਨੂੰ ਮਜਬੂਰ ਕੀਤਾ ਜਾ ਸਕੇ।

ਜਨਤਾ ਪਾਰਟੀ ਦੇ ਪ੍ਰਧਾਨ ਚੰਦਰ ਸ਼ੇਖਰ ਨੇ ਸੰਮੇਲਨ ਦੇ ਨਾਂ ਇਕ ਸੰਦੇਸ਼ ਵਿਚ ਅਮਨ ਅੰਦੋਲਨ ਦੀ ਹਮਾਇਤ ਕੀਤੀ ਹੈ। ਸੰਮੇਲਨ ਵਿਚ ਬੋਲਣ ਵਾਲਿਆਂ ਵਿਚ ਸਾਥੀ ਇੰਦਰਜੀਤ ਗੁਪਤਾ, ਸਾਥੀ ਇੰਦਰਦੀਪ ਸਿਨਹਾ, ਸਾਥੀ ਪੀ. ਰਾਮਾਮੂਰਤੀ, ਹਰਕਿਸ਼ਨ ਸਿੰਘ ਸੁਰਜੀਤ, ਜੀ. ਯਲਾਮੰਡਾ ਰੈਡੀ, ਤਾਰਾ ਕੇਸ਼ਵਰੀ ਸਿਨਹਾ ਅਤੇ ਅਮਰਜੀਤ ਕੌਰ ਸ਼ਾਮਲ ਸਨ।

ਸੰਮੇਲਨ ਨੇ ਪੰਜਾਬ ਅਤੇ ਹਰਿਆਣਾ ਵਿਚ ਫਿਰਕੂ ਸਦਭਾਵਨਾ ਬਣਾਈ ਰਖਣ ਸਬੰਧੀ ਵੀ ਇਕ ਅਪੀਲ ਜਾਰੀ ਕੀਤੀ ਜਿਸ ਵਿਚ ਦੋਹਾਂ ਰਾਜਾਂ ਦੇ ਲੋਕਾਂ ਨੂੰ ਫਿਰਕੂ ਤਾਕਤਾਂ ਦੇ ਕੂੜ ਪਰਚਾਰ ਵਲ ਧਿਆਨ ਨਾ ਦੇਣ ਲਈ ਕਿਹਾ ਗਿਆ ਹੈ। ਸਰਕਾਰ ਨੂੰ ਇਸ ਸਬੰਧ ਵਿਚ ਕਿਹਾ ਗਿਆ ਕਿ ਉਹ ਆਪਦੀ ਟਾਲ ਮਟੋਲ ਦੀ ਨੀਤੀ ਛਡੇ ਅਤੇ ਪੰਜਾਬ ਸਮਸਿਆ ਦਾ ਰਾਜਨੀਤਕ ਹੱਲ ਕਰੇ।

# ਜਦੋਂ ਲੌਂਗੋਵਾਲ ਅਗੇ ਕਿਸੇ ਦੀ ਨਾ ਚਲੀ

ਨਵੀਂ ਦਿੱਲੀ — ਅਕਾਲੀ ਦਲ ਦੇ ਉਚ ਸੂਤਰਾਂ ਤੋਂ ਮਿਲੀ ਜਾਣਕਾਰੀ ਵਿਚ ਕਿਹਾ ਗਿਆ ਹੈ ਕਿ ਦਲ ਦੇ ਸਭ ਵਡੇ ਲੀਡਰ ਸਿਵਾਏ ਹਰਚੰਦ ਸਿੰਘ ਲੌਂਗੋਵਾਲ ਦੇ, ਸੰਵਿਧਾਨ ਦੀ ਧਾਰਾ 25 ਵਿਚ ਸੋਧ ਦੀ ਮੰਗ ਦੇ ਖਿਲਾਫ ਸਨ ਸੰਤ ਲੌਂਗੋਵਾਲ ਨੇ ਇਹ ਮੰਗ 27 ਜਨਵਰੀ ਨੂੰ ਉਠਾਈ ਸੀ। ਉਸੇ ਦਿਨ ਉਹਨਾਂ ਅਕਾਲੀ ਅੰਦੋਲਨ ਦੇ ਅਗਲੇ ਪੜਾਅ ਵਜੋਂ 8 ਫਰਵਰੀ ਨੂੰ ਪੰਜਾਬ ਬੰਦ ਅਤੇ 27 ਫਰਵਰੀ ਨੂੰ ਸੰਵਿਧਾਨ ਦੀ ਧਾਰਾ 25 ਸਾੜੇ ਜਾਣ ਦੇ ਪਰੋਗਰਾਮਾਂ ਦਾ ਐਲਾਨ ਕੀਤਾ।

ਦਲ ਦੇ ਤਿੰਨ ਵਡੇ ਲੀਡਰ ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਬਰਨਾਲਾ, ਅਤੇ ਬਲਵੰਤ ਸਿੰਘ ਨੇ ਦਲ ਦੀ ਇਸ ਨਵੀਂ ਮੰਗ ਦਾ ਮੀਟਿੰਗਾਂ ਵਿਚ ਜ਼ੋਰਦਾਰ ਵਿਰੋਧ ਕੀਤਾ। ਬਲਵੰਤ ਸਿੰਘ ਨੇ ਇਸ ਮੰਗ ਨੂੰ ਗਲਤ ਦਸਦਿਆਂ ਕਿਹਾ ਕਿ ਜੇਕਰ ਅਸੀਂ ਇਹ ਨਵੀਂ ਮੰਗ ਉਠਾਉਂਦੇ ਹਾਂ ਤਾਂ ਪ੍ਰਧਾਨ ਮੰਤਰੀ ਦਾ ਇਹ ਦੋਸ਼ ਸਹੀ ਸਾਬਤ ਹੋਵੇਗਾ ਕਿ ਸਾਡੀਆਂ ਮੰਗਾਂ ਬਦਲਦੀਆਂ ਰਹਿੰਦੀਆਂ ਹਨ।

ਜਾਣਕਾਰ ਸੂਤਰਾਂ ਅਨੁਸਾਰ ਸ੍ਰੀ ਬਾਦਲ ਅਤੇ ਦਲ ਦੇ ਬੁਲਾਰੇ ਬਲਵੰਤ ਸਿੰਘ ਰਾਮੂਵਾਲੀਆ ਨੇ ਵੀ ਇਸ ਮੰਗ ਨੂੰ ਬੇਹੂਦਾ ਅਤੇ ਬੇਕਾਰ ਦੱਸਿਆ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਸ਼ੁਰੂ ਤੋਂ ਇਸ ਮੰਗ ਦੀ ਹਮਾਇਤ ਕੀਤੀ। ਪਰ ਦਲ ਦੀਆਂ ਬਾਦ ਦੀਆਂ ਮੀਟਿੰਗਾਂ ਵਿਚ ਉਹ ਵੀ ਖਿਲਾਫ ਹੋ ਗਏ। ਪਰ ਸੰਤ ਲੌਂਗੋਵਾਲ ਨੇ ਸਭ ਦੀ ਅਣਸੁਣੀ ਕਰਕੇ ਧਾਰਾ 25 ਵਿਚ ਸੋਧ ਦੀ ਮੰਗ ਉਠਾਏ ਜਾਣ ਉਤੇ ਜ਼ੋਰ ਦਿਤਾ।

ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਸੰਤ ਲੌਂਗੋਵਾਲ ਨੇ ਇਹ ਮੰਗ ਆਪਣੇ ਸਲਾਹਕਾਰਾਂ ਬਲਬੀਰ ਸਿੰਘ ਬਰਾੜ, ਦਰਸ਼ਨ ਸਿੰਘ ਈਸਾਪੁਰ ਅਤੇ ਸੁਚਾ ਸਿੰਘ ਛੋਟੇਪੁਰ ਦੇ ਕਹਿਣ ਤੇ ਉਠਾਈ। ਸਮਝਿਆ ਜਾਂਦਾ ਹੈ ਕਿ ਉਹਨਾਂ ਸੰਤ ਲੌਂਗੋਵਾਲ ਨੂੰ ਇਹ ਗੱਲ ਸਮਝਾ ਦਿਤੀ ਕਿ ਉਹਨਾਂ ਦੀ ਰਾਜਨੀਤਕ ਹਸਤੀ ਬਣਾਏ ਰਖਣ ਲਈ ਇਹ ਮੰਗ ਉਠਾਉਣਾ ਜ਼ਰੂਰੀ ਹੈ ਤੇ ਇਸ ਨਾਲ ਆਮ ਸਿੱਖਾਂ ਵਿਚ ਉਹਨਾਂ ਦੀ ਸਾਖ ਬਣੇਗੀ।

# ਰਿਚਮਿੰਡ ਕਰੈਡਿਟ ਯੂਨੀਅਨ

ਕੈਨੇਡਾ ਦੇ ਚੋਣ ਤਰੀਕੇ ਅਨੁਸਾਰ ਚੋਣਾਂ ਦੇ ਸਮੇਂ ਦਾ ਐਲਾਨ ਕਾਫੀ ਸਮਾਂ, 8 ਹਫਤੇ ਪਹਿਲਾਂ ਕੀਤਾ ਜਾਂਦਾ ਹੈ ਅਪਰੈਲ ਦੇ ਪਹਿਲੇ ਹਫਤੇ ਹੋਣ ਵਾਲੀ ਡਾਇਰੈਕਟਰਾਂ ਦੀ ਚੋਣ ਦੀ ਖਬਰ ਫਰਵਰੀ ਦੇ ਖਬਰ ਪਤਰ ਵਿਚ ਸੀ ਇਸ ਸਾਲ ਦੇ ਤਿੰਨ ਡਾਇਰੈਕਟਰਾਂ ਲਈ ਤਿੰਨ ਮੈਂਬਰਾਂ ਵਲੋਂ ਦਸਖਤ ਹੋ ਕੇ ਨਾਮਜਦਗੀ ਪਤਰ 22 ਫਰਵਰੀ 1984 ਤਕ ਪਹੁੰਚਣੇ ਸਨ ਤੇ ਨਾਮਜਦ ਕੀਤੇ ਮੈਂਬਰ ਨੇ ਆਪਣੀ ਪ੍ਰਵਾਨਗੀ ਤੇ ਆਪਣੀ ਸ਼ਖਸ਼ੀਅਤ ਤੇ ਕਾਰਗੁਜ਼ਾਰੀ ਦੀ ਜਾਣਕਾਰੀ ਤਸਵੀਰ ਸਮੇਤ ਦੇਣੀ ਹੈ। ਮੈਂਬਰਾਂ ਦੀ ਲਿਸਟ ਜਾਂ ਪਤਾ ਉਮੀਦਵਾਰ ਨੂੰ ਦੇਣ ਦੇ ਬਜਾਏ ਸੰਸਥਾ ਦੀ ਨਾਮਜਦ ਕਮੇਟੀ ਉਮਦੀਵਾਰਾਂ ਨੂੰ ਇਕਠੀ ਮੁਲਾਕਾਤ ਤੇ ਬੁਲਾਕੇ ਜ਼ਿੰਮੇਵਾਰੀਆਂ ਸਮਝਾ ਦਿੰਦੀ ਹੈ ਤੇ ਫਿਰ ਸ਼ੀਘਰ ਹੀ ਸਾਰੇ ਮੈਂਬਰਾਂ ਨੂੰ ਉਨ੍ਹਾਂ ਦੇ ਪਤਿਆਂ ਤੇ ਉਮੀਦਵਾਰਾਂ ਦੀ ਤਫਸੀਲ, ਤੇ ਪਰਚੀਆਂ(ਵੋਟਾਂ) ਪਾਣ ਦੀ ਥਾਂ ਤੇ ਵਿਸਤਾਰ ਪੂਰਬਕ ਤਰੀਕਾ ਖਬਰ ਪੱਤਰ ਛਾਪਕੇ ਭੇਜ ਦਿੰਦੀ ਹੈ ਤੇ ਦਫਤਰ ਵਿਚ ਭੀ ਕਾਫੀ ਤਾਦਾਦ ਵਿਚ ਰਖ ਦੇਂਦੀ ਹੈ। ਚੋਣ ਤੋਂ ਦੋ ਤਿਨ ਹਫਤੇ ਪਹਿਲਾਂ ਸਭ ਮੈਂਬਰਾਂ ਨੂੰ ਖਬਰ ਪੁਜ ਚੁਕੀ ਹੈ ਜੋ 9 ਮਾਰਚ ਤੋਂ ਪਹਿਲਾਂ ਮੈਂਬਰੀ ਰਜਿਸਟਰ ਵਿਚ ਦਰਜ ਸਨ। ਵੋਟ ਮਾਰਚ 30 ਤੋਂ ਅਪਰੈਲ ਸੱਤ ਤੱਕ ਆਪਣੇ ਨ ਪੰਜਾਂ ਚੋਂ ਕਿਸੇ ਬਰਾਂਚ ਵਿਚ ਸਾਢੇ ਨੌ ਵਜੇ ਸਵੇਰ ਤੋਂ ਲੈ ਕੇ ਦੁਪਹਿਰੇ ਬੰਦ ਹੋਣ ਦੇ ਸਮੇਂ ਤਕ ਪਾ ਸਕਦੇ ਹੋ। ਤੁਹਾਡਾ ਹਿਸਾਬ ਖਾਤਾ(ਅਕਾਊਂਟ) ਨੰਬਰ ਤੇ ਸ਼ਨਾਖਤ ਲਈ ਫੋਟੋ ਤੇ ਦਸਖਤ ਸਮੇਤ ਡਰਾਈਵਰ ਲਾਈਸੰਸ ਪਾਸਪੋਰਟ ਸਿਟੀਜਨਸ਼ਿਪ ਕਾਰਡ ਜਾਂ ਫੋਟੋ ਤੇ ਦਸਖਤ ਵਾਲਾ ਬਸ ਪਾਸ, ਨਾਲ ਰੱਖਣਾ ਜ਼ਰੂਰੀ ਹੈ। ਇਕ ਐਲਾਨ ਪੱਤਰ(ਡਿਕਲੇਰੇਸ਼ਨ) ਤੇ ਦਸਖਤ ਕਰਨਾ ਪਵੇਗਾ ਕਿ ਆਪ ਇਸ ਚੋਣ ਵਿਚ ਇਕੋ ਵੇਰ ਤੇ ਇਕ ਥਾਂ ਹੀ ਵੋਟ ਪਾਓਗੇ ਤੁਹਾਨੂੰ ਇਕ ਪਰਚੀ ਦਿਤੀ ਜਾਵੇਗੀ ਜਿਸ ਵਿਚ ਅੱਖਰੀ ਤਰਤੀਬਵਾਰ ਜਿਵੇਂ ਖਬਰ ਪੱਤਰ ਵਿਚ 11 ਤਸਵੀਰਾਂ ਉਤੇ ਹਨ, ਗਿਆਰਾਂ ਲਾਈਨਾਂ ਵਿਚ ਨਾਮ ਹੋਣਗੇ। ਤੁਸੀਂ ਇਸ ਪਰਚੀ ਤੇ ਵਧ ਤੋਂ ਵੱਧ ਤਿੰਨ ਤੇ ਘੱਟ ਤੋਂ ਘੱਟ ਇਕ ਨਾਮ ਦੇ ਸਾਹਮਣੇ ਚਰਖੜੀ ਪਾ ਕੇ ਤਹਿ ਕਰਕੇ ਪਰਚੀ ਪੇਟੀ ਵਿਚ ਪਾ ਦੇਣੀ ਹੈ। ਪਰਚ ਤੇ ਵੱਧ ਤੋਂ ਵੱਧ ਤਿੰਨ x ਚਰਖੜੀਆਂ ਤੋਂ ਸਿਵਾ ਹੋਰ ਕੁਛ ਨਹੀਂ ਲਿਖਣਾ। ਸੱਤ ਅਪਰੈਲ ਇਕ ਵਜੇ ਸਭ ਪੇਟੀਆਂ ਬੰਦ ਕਰਕੇ 16 ਅਪਰੈਲ ਨੂੰ ਸਾਲਾਨਾ ਮੀਟਿੰਗ ਵਿਚ ਜੋ ਕੰਪਨਸੇਸ਼ਨ ਦੇ ਵਡੇ ਹਾਲ ਵਿਚ ਹੋਵੇਗੀ ਚੋਣਾਂ ਦਾ ਨਤੀਜਾ ਦਸਿਆ ਜਾਵੇਗਾ ਤੇ ਹਰ ਮੈਂਬਰ ਦੋ ਅਪਰੈਲ ਤੋਂ ਹਰ ਬਰਾਂਚ ਚੋਂ ਮਿਲਣ ਵਾਲੀ ਸਾਲਾਨਾ ਰੀਪੋਰਟ ਚੋਂ ਹਿਸਾਬ ਕਿਤਾਬ ਦੀ ਛਾਣ ਬੀਣ ਉਪਰੰਤ ਆਮਦਨ ਖਰਚ ਦੀ ਪੂਰੀ ਜਾਣਕਾਰੀ ਲੈ ਸਕਦੀ ਹੈ ਤੇ ਸੰਸਥਾ ਦੀ ਕਾਰਜਗਾਰੀ ਬਾਰੇ ਰਾਏ ਦੇ ਸਕਦਾ ਹੈ।

—ਪਰੇਮ ਸਿੰਘ

# ਦਰਬਾਰ ਸਾਹਿਬ ਦੇ ਅਹਾਤੇ ਦੀਆਂ ਛੱਤਾਂ ਉਤੇ ਛੋਟੀਆਂ ਤੋਪਾਂ ?

ਚੰਡੀਗੜ੍ਹ — ਇਕ ਸਰਕਾਰੀ ਬੁਲਾਰੇ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਦਰਬਾਰ ਸਾਹਿਬ ਦੇ ਅਹਾਤੇ ਅੰਦਰੋਂ ਚਾਰ ਛੋਟੀਆਂ ਤੋਪਾਂ ਛੱਤਾਂ ਉਤੇ ਲਗਾਈਆਂ ਗਈਆਂ ਹਨ। ਬੁਲਾਰੇ ਨੇ ਦੱਸਿਆ ਕਿ ਇਹ ਤੋਪਾਂ ਦੋ ਕਿਲੋਮੀਟਰ ਦੀ ਦੂਰੀ ਤਕ ਮਾਰ ਕਰ ਸਕਦੀਆਂ ਹਨ। ਇਸੇ ਦੌਰਾਨ ਇਹ ਪਤਾ ਚਲਿਆ ਹੈ ਕਿ ਬੀਤੇ ਬੁੱਧਵਾਰ ਨੂੰ ਦਰਬਾਰ ਸਾਹਿਬ ਦੇ ਅਹਾਤੇ ਅੰਦਰ ਛਤਾਂ ਤੇ ਜਦ ਇਹ ਤੋਪਾਂ ਲਾਈਆਂ ਜਾ ਰਹੀਆਂ ਸਨ ਤਾਂ ਕੇਂਦਰ ਰਿਜ਼ਰਵ ਪੁਲਸ ਦੇ ਸੀਨੀਅਰ ਅਧਿਕਾਰੀ ਨੇ ਹਾਟ ਲਾਈਨ ਤੇ ਉਸ ਸਮੇਂ ਕੇਂਦਰੀ ਸਰਕਾਰ ਨੂੰ ਇਸ ਦੀ ਜਾਣਕਾਰੀ ਦਿਤੀ। ਇਹ ਭੀ ਪਤਾ ਲਗਾ ਹੈ ਕਿ ਨੀਮ ਫੌਜੀ ਸੰਗਠਨਾਂ ਵਲੋਂ ਦਰਬਾਰ ਸਾਹਿਬ ਵਿਚ ਦਾਖਲ ਕਰਨ ਦੀ ਸੰਭਾਵਨਾ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਦੀਆਂ ਸਰਗਰਮੀਆਂ ਤੇ ਨਜ਼ਰ ਰਖਣ ਲਈ ਅਟਲ ਸਾਹਿਬ (ਗੁਰਦੁਆਰਾ ਅੱਟਲ) ਦੀ ਸਭ ਤੋਂ ਉਚੀ ਅਟਾਲਿਕਾ ਨੂੰ ਇਕ ਅਜਿਹੇ ਕੇਂਦਰ ਵਿਚ ਬਦਲ ਦਿਤਾ ਹੈ, ਜਿਥੋਂ ਪੁਲਸ ਅਤੇ ਹੋਰ ਸੈਨਿਕ ਸੰਗਠਨਾਂ ਦੀਆਂ ਸਰਗਰਮੀਆਂ ਨੂੰ ਦੇਖਿਆ ਜਾ ਸਕਦਾ ਹੈ। ਦਸਿਆ ਜਾਂਦਾ ਹੈ ਕਿ ਇਸ ਅਟਾਲਿਕਾ ਵਿਚ ਦੂਰਬੀਨ ਭੀ ਲਗਾਈ ਗਈ ਹੈ।

## ਕਿਲ੍ਹੇਬੰਦੀ

—ਹਰਮੰਦਰ ਸਾਹਿਬ ਦੀ ਕਿਲ੍ਹਾ-ਬੰਦੀ ਕੀਤੀ ਜਾ ਰਹੀ ਹੈ. ਇਮਾਰਤਾਂ ਦੀਆਂ ਛੱਤਾਂ ਉਤੇ ਰੇਤ ਦੇ ਬੋਰੇ ਚਿਣੇ ਜਾ ਰਹੇ ਹਨ ਤੇ ਉਚੀਆਂ ਇਮਾਰਤਾਂ ਉਤੇ ਨਿਗਰਾਨ-ਚੌਕੀਆਂ ਕਾਇਮ ਕੀਤੀਆਂ ਜਾ ਰਹੀਆਂ ਹਨ. ਦਰਬਾਰ ਸਾਹਿਬ ਦੇ ਇਕ ਪਾਸੇ ਵਲ ਮੁਖ ਦਰਵਾਜ਼ੇ ਉਤੇ ਲੋਹੇ ਦੇ ਮਜ਼ਬੂਤ ਤਖਤੇ ਲਾ ਦਿਤੇ ਗਏ ਹਨ.

ਸਾਰੇ ਦਰਬਾਰ ਸਾਹਿਬ ਵਿਚ ਤੇਜ਼ ਰੋਸ਼ਨੀਆਂ ਦਾ ਪ੍ਰਬੰਧ ਕਰਨ ਤੋਂ ਇਲਾਵਾ ਸਰਚ ਲਾਈਟਾਂ ਲਾ ਦਿਤੀਆਂ ਗਈਆਂ ਹਨ ਤੇ ਚੌਵੀ ਘੰਟੇ ਹਥਿਆਰਬੰਦ ਅਤਵਾਦੀ ਵਲੰਟੀਅਰਾਂ ਵਲੋਂ ਪਹਿਰਾ ਦਿਤਾ ਜਾਂਦਾ ਹੈ.


**Real Plumbing & Electrical Supply**

7211 Main St.(at 56th Ave.)
VANCOUVER, B.C. V5X 3J3




* Sales & Service
* Plumbing
* Heating



* Electrical Hot Water Ta
* Ceramic Tiles Installat
Do-It-Yourself
* We repair fridges & stoves

Satwinder Reehal

Ph. 324 - 7066



**Y.F. Chong & Co.**

#1 - 862 E. Broadway, Vancouver, B.C. V5T 1Y1

ACCREDITED PUBLIC ACCOUNTANTS

MON.-FRI. 8:30 - 7:00 P.M.
SAT. 9:30 - 4:00 P.M.

PERSONAL & CORPORATE INCOME TAX RETURNS

ਕੇਵਲ 18 ਡਾਲਰ ਵਿਚ ਆਪਣੇ ਟੈਕਸ ਦੇ ਫਾਰਮ ਭਰਵਾਉਣ ਲਈ ਮਿਲੋ।

TELEPHONE : 875-6918



**ਸਵ੍ਰ ਸਾਗਰ ਰੇਡੀਓ ਪ੍ਰੋਗਰਾਮ**

ਸਵ੍ਰ ਸਾਗਰ ਪ੍ਰੋਗਰਾਮ ਨੂੰ ਸੁਣਨੋ ਨਾ ਭੁਲੋ

Ph.: 299-6767 Or 253-7596 24 hours. Pager 9090

ਹਿੰਦੀ ਅਤੇ ਪੰਜਾਬੀ ਦਾ ਹਰਮਨ ਪਿਆਰਾ ਰੇਡੀਓ ਪ੍ਰੋਗਰਾਮ

ਹਰ ਐਤਵਾਰ ਸਵੇਰੇ ਤੇ ਸ਼ਾਮ

ਰੇਡੀਓ ਤੇ ਸੀ. ਜੇ. ਸੀ(CJJC 800 AM DIAL)

Sunday Entertainment:

ਹਰ ਐਤਵਾਰ ਸਵੇਰੇ 10:05 ਤੋਂ 11:00

ਹਰ ਐਤਵਾਰ ਸ਼ਾਮ 7:05 ਤੋਂ 8:00



Producer Manjit Virdi

# ਚੌਥਾ ਕੌਮਾਂਤਰੀ ਖੇਡਾਂ ਅਤੇ ਸਭਿਆਚਾਰਕ ਮੇਲਾ

| | | |
|---|---|---|
| ਜਸ਼ਨ ਮਨਾਉਣ ਦਾ ਵਕਤ | ਸਾਡੇ ਉਦੇਸ਼ ਸਾਡੀ ਏਕਤਾ | ਸਾਡਾ ਘੋਲ ਸਾਡਾ ਬੋਲ |

## ਨਸਲੀ ਅਤੇ ਫਾਸ਼ੀ ਹਿੰਸਾ ਵਿਰੁਧ ਅਤੇ ਸਾਮਰਾਜੀ ਸੰਸਾਰ ਜੰਗ ਦੇ ਖਤਰੇ ਵਿਰੁਧ, ਆਜ਼ਾਦੀ ਅਤੇ ਉਨਤੀ ਲਈ!

# ਜੁਲਾਈ 29 - ਅਗਸਤ 6
# ਵੈਨਕੂਵਰ, ਬੀ. ਸੀ.
# 1984

## ਪ੍ਰੋਗਰਾਮ
## ਕੌਮਾਂਤਰੀ ਮੁਕਾਬਲੇ

**ਖੇਡਾਂ** : ਕਬੱਡੀ, ਕੁਸ਼ਤੀਆਂ, ਭਾਰ ਚੁਕਣਾ ਅਤੇ ਹੋਰ ਖੇਡਾਂ ਅਤੇ ਅਥਲੈਟਿਕਸ

**ਸਭਿਆਚਾਰ** : ਸਾਹਿਤ ਅਤੇ ਕਲਾ, ਸੰਗੀਤ, ਡਰਾਮਾਂ ਅਤੇ ਲੋਕ-ਨਾਚ

(ਸਾਰੇ ਦਾਖਲੇ 30 ਮਈ ਤੋਂ ਪਹਿਲਾਂ ਜ਼ਰੂਰ ਪਹੁੰਚ ਜਾਣੇ ਚਾਹੀਦੇ ਹਨ)

## ਪ੍ਰੋਗਰਾਮ ਵਿਚ

**ਨਸਲੀ ਅਤੇ ਫਾਸ਼ੀ ਹਿੰਸਾ ਅਤੇ ਸਾਮਰਾਜੀ ਜੰਗ ਦੇ ਖਤਰੇ ਵਿਰੁੱਧ ਮੁਜ਼ਾਹਰਾ ਅਤੇ ਰੈਲੀ ਸਾਹਿਤ ਅਤੇ ਕਲਾ, ਖੇਡਾਂ ਅਤੇ ਸਿਆਸਤ ਦੇ ਮਸਲਿਆਂ ਉਤੇ ਵਿਚਾਰ ਵਿਟਾਂਦਰਾ ਵੀ ਸ਼ਾਮਲ ਹੈ**

## ਚੌਥੇ ਕੌਮਾਂਤਰੀ ਖੇਡਾਂ ਅਤੇ ਸਭਿਆਚਾਰ ਦੇ ਮੇਲੇ ਦੀ ਮਹਾਨ ਸਫਲਤਾ ਲਈ ਸਭ ਅੱਗੇ ਆਓ!

ਨਸਲੀ ਅਤੇ ਫਾਸ਼ੀ ਹਿੰਸਾ ਵਿਰੁੱਧ ਲੋਕ ਮੋਰਚੇ ਵਲੋਂ ਜਥੇਬੰਦ ਕੀਤਾ ਜਾ ਰਿਹਾ ਹੈ, ਇਸ ਦੀ ਮੇਜ਼ਬਾਨੀ ਈਸਟ ਇੰਡੀਅਨ ਡੀਫੈਂਸ ਕਮੇਟੀ(ਜੋ ਪੀਪਲਜ਼ ਫਰੰਟ ਦੀ ਸਬੰਧਤ ਜਥੇਬੰਦੀ ਹੈ) ਅਤੇ ਹੋਰ ਜਥੇਬੰਦੀਆਂ ਕਰ ਰਹੀਆਂ ਹਨ। ਵਧੇਰੇ ਜਾਣਕਾਰੀ ਲਈ ਪੀ. ਓ. ਬਾਕਸ 4623 ਵੈਨਕੂਵਰ, ਬੀ. ਸੀ. ਟੈਲੀਫੋਨ : (604)681- 5020

(ਪੰਨਾ 4 ਦੀ ਬਾਕੀ)

**ਬਿਲਕੁਲ ਹੀ ਜ਼ਰੂਰੀ ਨਹੀਂ ਹੈ। ਅਸੀਂ ਇਹ ਸਿਖਿਆ ਕਿ ਸਿਰਫ ਅੱਟਲ ਤੇ ਬਹੁਤ ਹੀ ਜ਼ਰੂਰੀ ਹਾਲਾਤ ਵਿਚ ਹਿੰਸਾ ਜਾਇਜ਼ ਹੈ। ਲੋਕਾਂ ਦੀ ਸਾਰੀ ਲਹਿਰ ਵਿਚ 'ਅਹਿੰਸਾ' ਸਿਰਫ ਸਮੇਂ ਅਨੁਸਾਰ ਹੀ ਜ਼ਰੂਰੀ ਹੈ। ਇਹੋ ਹੀ ਅਮਲ (ਐਕਸ਼ਨ) ਦੇ ਫ਼ਲਸਫ਼ੇ ਦਾ ਸਮੁੱਚਾ ਭੇਤ ਹੈ।**

ਪਰ ਇਹ ਬਹੁਤ ਅਹਿਮ ਹੈ ਕਿ ਜਿਸ ਆਦਰਸ਼ ਵਾਸਤੇ ਅਸੀਂ ਜੂਝਣਾ ਹੈ: ਉਸ ਨੂੰ ਚੰਗੀ ਤਰ੍ਹਾਂ ਜਾਣੀਏਂ। ਕਿਉਂਕਿ ਸਾਡੀ ਜਥੇਬੰਦੀ ਦੀ ਇਸ ਸਬੰਧੀ ਕੋਈ ਯੋਜਨਾ ਨਹੀਂ ਸੀ, ਇਸ ਲਈ ਮੈਨੂੰ ਵੱਖ ਵੱਖ ਤਰ੍ਹਾਂ ਦੇ ਵਿਸ਼ਵ ਇਨਕਲਾਬੀ ਸਾਹਿਤ ਨੂੰ ਪੜ੍ਹਨ ਦਾ ਤੇ ਉਹਨਾਂ ਆਦਰਸ਼ਕ ਵਿਧੀਆਂ ਨੂੰ ਜੋਖਣ-ਪਰਖਣ ਦਾ ਮੌਕਾ ਮਿਲਿਆ। ਮੈਂ ਅਰਾਜਕਤਾਵਾਦੀ ਰੂਸੀ ਆਗੂ ਬਾਕੂਨਿਨ ਦੇ ਫਲਸਫੇ ਦਾ ਅਧਿਐਨ ਕੀਤਾ। ਮੈਂ ਕਮਿਊਨਿਸਟ ਫਲਸਫੇ ਦੇ ਪਿਤਾਮਾ 'ਮਾਰਕਸ' ਦੀਆਂ ਕੁਝ ਕਿਰਤਾਂ ਪੜ੍ਹੀਆਂ। ਮੈਂ ਲੈਨਿਨ ਤੇ ਟਰਾਟਸਕੀ ਵਰਗੇ ਕਰਮ-ਯੋਗੀਆਂ ਦੇ ਸ਼ਬਦਾਂ ਦਾ ਧਿਆਨ ਨਾਲ ਵਿਸ਼ਲੇਸ਼ਣ ਕੀਤਾ, ਜਿਨ੍ਹਾਂ ਨੇ ਸਾਮਰਾਜਵਾਦੀ ਰਾਜਤੰਤਰ ਦੇ ਹਨੇਰੇ ਵਿਚ ਆਪਣੇ ਦੇਸ਼ ਵਿਚ ਇਨਕਲਾਬ ਸਫਲਤਾ ਨਾਲ ਲਿਆਂਦਾ ਸੀ। ਇਹ ਸਾਰੇ ਸ਼ਖਸ ਪੱਕੇ ਨਾਸਤਕ ਹੀ ਸਨ।

ਬਾਕੂਨਿਨ ਦੀ ਕਿਤਾਬ 'ਗੌਡ ਐਂਡ ਦਾ ਸਟੇਟ' (ਰੱਬ ਤੇ ਰਿਆਸਤ) ਭਾਵੇਂ ਅਧੂਰੀ ਹੈ, ਪਰ ਇਸ ਵਿਚ ਅਮਲ ਦੇ ਫਲਸਫੇ ਦੀ ਚਰਚਾ ਦਿਲਚਸਪ ਢੰਗ ਨਾਲ ਕੀਤੀ ਗਈ ਹੈ। ਇਸ ਮਗਰੋਂ ਨਿਰਲੰਬ ਸੁਆਮੀ ਦੀ ਲਿਖੀ ਹੋਈ ਕਿਤਾਬ 'ਕੌਮਨ ਸੈਂਸ' (ਸਾਧਾਰਣ ਸੂਝ) ਪੜ੍ਹੀ। ਪਰ ਇਹਦੀ ਨਾਸਕਤਾ ਸਪਸ਼ਟ ਨਹੀਂ ਹੈ ਪਰ ਬਾਕੂਨਿਨ ਦੀ ਕਿਰਤ ਏਨੀ ਸਪਸ਼ਟ ਹੈ ਕਿ ਇਹ ਮੇਰੇ ਦਿਲ ਉਤੇ ਛਾ ਗਈ। 1926 ਦੇ ਅੰਤ ਤਕ ਮੈਂ ਸਮਝ ਗਿਆ ਸਾਂ ਕਿ ਆਸਤਕਤਾ ਦਾ ਇਹ ਅਸੂਲ ਇਸ ਬ੍ਰਹਿਮੰਡ ਦੇ ਪਿਛੇ ਕੋਈ ਸਿਰਜਕ, ਪਾਲਣਹਾਰ ਤੇ ਸਰਵ-ਸ਼ਕਤੀਮਾਨ ਰੱਬ ਹੈ, ਸਰਕਾਰ ਬੇ-ਬੁਨਿਆਦ ਹੈ। ਫੇਰ ਮੇਰੀ ਨਾਸਤਕਤਾ ਪੱਕੀ ਹੋ ਗਈ। ਮੈਂ ਆਪਣੇ ਸਾਥੀਆਂ ਨਾਲ ਨਾਸਤਕਤਾ ਬਾਰੇ ਵਿਚਾਰ-ਚਰਚਾ ਸ਼ੁਰੂ ਕਰ ਦਿਤੀ।

ਮਈ 1927 ਵਿਚ ਮੈਂ ਲਾਹੌਰ ਵਿਚ ਗ੍ਰਿਫਤਾਰ ਹੋਇਆ। ਇਹ ਸਭ ਅਚਾਨਕ ਹੋਇਆ: ਮੈਨੂੰ ਇਸ ਗੱਲ ਦੀ ਅਸਲੋਂ ਹੀ ਕੋਈ ਸਾਰ ਨਹੀਂ ਸੀ ਕਿ ਪੁਲਸ ਮੇਰੇ ਪਿਛੇ ਲਗੀ ਹੋਈ ਹੈ। ਜਦੋਂ ਮੈਂ ਕਿਸੇ ਬਾਗ ਵਿਚੋਂ ਲੰਘ ਰਿਹਾ ਸਾਂ, ਤਾਂ ਪੁਲਸ ਨੇ ਇਕ-ਦੰਮ ਮੈਨੂੰ ਘੇਰ ਲਿਆ। ਮੈਂ ਹੁਣ ਵੀ ਹੈਰਾਨ ਹੁੰਦਾ ਹਾਂ ਕਿ ਮੈਂ ਉਦੋਂ ਏਨੇ ਧੀਰਜ ਨਾਲ ਕਿਵੇਂ ਪੇਸ਼ ਆਇਆ ਸੀ। ਉਸ ਵੇਲੇ ਮੈਨੂੰ ਗੁੱਸਾ ਬਿਲਕੁਲ ਵੀ ਨਹੀਂ ਆਇਆ ਸੀ, ਤੇ ਨਾ ਹੀ ਮੈਂ ਘਬਰਾਇਆ ਜਾਂ ਉਤੇਜਿਤ ਹੋਇਆ ਸੀ। ਪਹਿਲਾਂ ਮੈਨੂੰ ਹਵਾਲਾਤ ਵਿਚ ਰਖਿਆ ਗਿਆ ਤੇ ਦੂਜੇ ਦਿਨ ਉਹ ਮੈਨੂੰ ਰੇਲਵੇ ਪੁਲਸ ਜੇਲ੍ਹ ਲੈ ਗਏ। ਉਥੇ ਮੈਨੂੰ ਪੂਰਾ ਇਕ ਮਹੀਨਾ ਕੱਟਣਾ ਪਿਆ। ਪੁਲਸ ਅਫਸਰਾਂ ਨਾਲ ਹੋਈ ਗੱਲ-ਬਾਤ ਤੋਂ ਮੈਂ ਕਈ ਦਿਨਾਂ ਮਗਰੋਂ ਅੰਦਾਜ਼ਾ ਲਾਇਆ ਕਿ ਉਹਨਾਂ ਨੂੰ ਕਾਕੋਰੀ ਪਾਰਟੀ ਨਾਲ ਮੇਰੇ ਸਬੰਧਾਂ ਬਾਰੇ ਤੇ ਇਨਕਲਾਬੀ ਲਹਿਰ ਨਾਲ ਸਬੰਧਤ ਮੇਰੀਆਂ ਸਰਗਰਮੀਆਂ ਬਾਰੇ ਜ਼ਰੂਰ ਹੀ ਪਤਾ ਲੱਗ ਗਿਆ ਹੋਣਾ ਹੈ ਤੇ ਇਸੇ ਕਰਕੇ ਮੈਨੂੰ ਗ੍ਰਿਫਤਾਰ ਕੀਤਾ ਗਿਆ। ਉਹਨਾਂ ਨੇ ਮੈਨੂੰ ਦੱਸਿਆ ਕਿ ਜਦੋਂ ਮੁਕੱਦਮਾ ਚਲ ਰਿਹਾ ਸੀ, ਮੈਂ ਉਦੋਂ ਲਖਨਊ ਤੋਂ ਆਇਆ ਸਾਂ ਤੇ ਇਹ ਕਿ ਮੈਂ ਉਹਨਾ ਨਾਲ (ਕਾਕੋਰੀ ਮੁਲਜ਼ਮਾਂ) ਰਲ ਕੇ ਉਹਨਾਂ ਦੀ ਰਿਹਾਈ ਦੀ ਵਿਉਂਤ ਬਣਾਈ ਸੀ, ਉਹਨਾਂ ਦੀ ਪਰਵਾਨਗੀ ਨਾਲ ਕੁਝ ਬੰਬ ਬਣਾਏ ਸਨ ਤੇ ਅਸੀਂ 1926 ਦੇ ਦੁਸਹਿਰੇ ਦੇ ਮੇਲੇ ਵਿਚ ਬੰਬ ਸੁੱਟ ਕੇ ਤਜਰਬਾ ਕੀਤਾ ਸੀ। ਉਨ੍ਹਾਂ ਮੈਨੂੰ ਇਹ ਵੀ ਦੱਸਿਆ ਸੀ ਕਿ ਜੇ ਮੈਂ ਉਨ੍ਹਾਂ ਨੂੰ ਇਨਕਲਾਬੀ ਲਹਿਰ ਦੀਆਂ ਸਰਗਰਮੀਆਂ ਬਾਰੇ ਦੱਸ ਦੇਵਾਂ ਤਾਂ ਉਹ ਮੈਨੂੰ ਕਚਹਿਰੀ ਵਿਚ "ਵਾਅਦਾ ਮੁਆਫ" ਬਣਾ ਕੇ ਪੇਸ਼ ਨਹੀਂ ਕਰਨਗੇ, ਸਗੋਂ ਰਿਹਾ ਕਰ ਦੇਣਗੇ ਤੇ ਇਨਾਮ ਦੇਣਗੇ। ਉਨ੍ਹਾਂ ਇਹ ਗੱਲ ਮੈਨੂੰ ਬੜੀ ਨਿਮਰਤਾ ਨਾਲ ਆਖੀ ਜਿਵੇਂ ਉਨ੍ਹਾਂ ਦੀ ਮੇਰੇ ਵਿਚ ਬਹੁਤ ਹੀ ਜਾਤੀ ਦਿਲਚਸਪੀ ਹੋਵੇ। ਮੈਨੂੰ ਉਨ੍ਹਾਂ ਦੀ ਸਲਾਹ ਉਤੇ ਹਾਸਾ ਆਇਆ, ਕਿਉਂਕਿ ਮੈਨੂੰ ਪਤਾ ਸੀ ਇਹ ਨਿਰਾ ਧੋਖਾ ਹੈ। ਸਾਡੀ ਤਬੀਅਤ ਵਾਲੇ ਬੰਦੇ ਆਪਣੇ ਮਾਸੂਮ ਲੋਕਾਂ ਉਤੇ ਬੰਬ ਸੁਟਣ ਬਾਰੇ ਕਦੇ ਸੋਚ ਵੀ ਨਹੀਂ ਸਕਦੇ। ਇਕ ਸਵੇਰ ਸੀ. ਆਈ. ਡੀ. ਦਾ ਚੀਫ ਸੁਪਰਡੈਂਟ ਨਿਊਮੈਨ ਮੈਨੂੰ ਮਿਲਣ ਆਇਆ। ਉਹਨੇ ਮੇਰੇ ਨਾਲ ਲੰਮੀ ਚੌੜੀ ਗੱਲਬਾਤ ਕੀਤੀ ਤੇ ਉਹ ਮੇਰੇ ਨਾਲ ਬੜੀ ਹਮਦਰਦੀ ਦਿਖਾ ਰਿਹਾ ਸੀ। ਆਖੀਰ ਉਹਨੇ ਮੈਨੂੰ ਕਿਹਾ ਕਿ ਜੇ ਮੈਂ ਉਨ੍ਹਾਂ ਦੀ ਮਰਜ਼ੀ ਦਾ ਬਿਆਨ ਨਾ ਦਿਤਾ, ਤਾਂ ਸਰਕਾਰ ਵਿਰੁਧ ਜੰਗ ਦੀ ਤਿਆਰੀ ਕਰਨ, ਕਾਕੋਰੀ ਕੇਸ ਵਿਚ ਸ਼ਾਮਲ ਹੋਣ ਤੇ ਦੁਸਹਿਰਾ ਬੰਬ ਕਾਂਡ ਦੇ ਕਤਲਾਂ ਦਾ ਮੇਰੇ ਉਤੇ ਦੋਸ ਲਾਉਣ ਲਈ ਉਹਨਾਂ ਨੂੰ ਮਜਬੂਰ ਹੋਣਾ ਪਵੇਗਾ, ਤੇ ਉਨ੍ਹਾਂ ਨੂੰ ਮੇਰੇ ਉਤੇ ਮੁਕੱਦਮਾ ਚਲਾਉਣਾ ਪਵੇਗਾ। ਫਿਰ ਉਹ ਮੈਨੂੰ ਆਖਣ ਲੱਗਾ ਕਿ ਉਨ੍ਹਾਂ ਕੋਲ ਕਾਫੀ ਗਵਾਹੀ ਮੌਜੂਦ ਹੈ ਤੇ ਉਹ ਮੈਨੂੰ ਫਾਂਸੀ ਦੀ ਸਜ਼ਾ ਦਿਵਾ ਸਕਦੇ ਹਨ। ਮੈਨੂੰ ਬਿਲਕੁਲ ਹੀ ਕੁਝ ਵੀ ਨਹੀਂ ਪਤਾ ਸੀ। ਪਰ ਮੈਨੂੰ ਪਤਾ ਸੀ ਕਿ ਪੁਲਸ ਜੋ ਚਾਹਵੇ ਕਰ ਸਕਦੀ ਹੈ। ਉਸੇ ਦਿਨ ਕੁਝ ਪੁਲਸ ਅਫਸਰ ਆ ਕੇ ਮੈਨੂੰ ਕਹਿਣ ਲਗੇ ਕਿ ਮੈਂ ਦਿਨ ਵਿਚ ਦੋ ਵਾਰੀ ਰੱਬ ਦਾ ਨਾਂ ਲਿਆ ਕਰਾਂ। ਉਦੋਂ ਮੈਂ ਨਾਸਤਕ ਸਾਂ, ਪਰ ਮੈਂ ਸ਼ਸ਼ੋਪੰਜ ਵਿਚ ਸਾਂ ਕਿ ਮੈਂ ਔਖੀ ਘੜੀ ਆਪਣੇ ਅਵਿਸ਼ਵਾਸ ਉਤੇ ਅਡਿੱਗ ਰਹਿ ਸਕਾਂਗਾ ਜਾਂ ਨਹੀਂ ਆਖਰ ਮੈਂ ਫੈਸਲਾ ਕੀਤਾ ਕਿ ਅਰਦਾਸ ਕਰਨ ਦਾ ਕੋਈ ਮਤਲਬ ਨਹੀਂ ਹੈ, ਕਿਉਂਕਿ ਰੱਬ ਕਿਤੇ ਨਹੀਂ ਹੈ। ਨਾਸਤਕਤਾ ਦੇ ਮੇਰੇ ਅਸੂਲ ਇਸ ਪਰਖ ਦੀ ਘੜੀ ਵਿਚ ਵੀ ਸਫਲ ਰਹੇ। ਮੈਂ ਕਦੇ ਇਕ ਪਲ ਵੀ ਕਿਸੇ ਕੀਮਤ ਉਤੇ ਆਪਣੀ ਜ਼ਿੰਦਗੀ ਬਚਾਉਣ ਬਾਰੇ ਸੋਚਿਆ ਨਹੀਂ ਸੀ।

ਮੈਂ ਪੱਕਾ ਨਾਸਤਕ ਹੋ ਗਿਆ ਤੇ ਹੁਣ ਤਕ ਹਾਂ। ਔਖੀ ਘੜੀ ਵੇਲੇ ਸਾਬਤ ਕਦਮ ਰਹਿਣਾ ਕੋਈ ਸੌਖੀ ਗੱਲ ਨਹੀਂ ਹੈ। ਜ਼ਿੰਦਗੀ ਦੀ ਇਹੋ ਜਿਹੀ ਘੜੀ ਵੇਲੇ ਰੱਬ ਦਾ ਅਕੀਦਾ ਤਾਂ ਕਿਸੇ ਨੂੰ ਧਰਵਾਸ ਦੇ ਸਕਦਾ ਹੈ। ਇਸ ਸਦਕਾ ਔਖੀ ਘੜੀ ਮਾਣਨਯੋਗ, ਆਰਾਮਦੇਹ ਜਾਂ ਪੁਰ-ਸਕੂਨ ਵੀ ਹੋ ਸਕਦੀ ਹੈ। ਇਸ ਵੇਲੇ ਸਾਬਤ-ਕਦਮ ਰਹਿਣਾ ਬੱਚਿਆਂ ਦੀ ਖੇਡ ਨਹੀਂ ਹੁੰਦੀ। ਕਿਸੇ ਸ਼ਖਸ ਵਿਚ ਕੋਈ ਹਉਮੈ ਬਚੀ ਹੋਈ ਹੋਵੇ, ਤਾਂ ਉਹ ਇਹੋ ਜਿਹੇ ਸਮੇਂ ਕਾਫੂਰ ਹੋ ਜਾਂਦੀ ਹੈ। ਫੇਰ ਕੋਈ ਸ਼ਖਸ ਨਾਸਕਤਾ ਦੀ ਗੱਲ ਕਰਨ ਦੀ ਹਿੰਮਤ ਵੀ ਨਹੀਂ ਕਰਦਾ। ਜੇ ਉਹ ਹਿੰਮਤ ਕਰਦਾ ਹੈ, ਤਾਂ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਹਦੇ ਅੰਦਰ ਉਹਦੀ ਨਿਰੀ ਹਉਮੈ ਨਾਲੋਂ ਕੋਈ ਹੋਰ ਤਾਕਤ ਵੀ ਹੁੰਦੀ ਹੋਏਗੀ। ਮੇਰੀ ਇਹੀ ਹਾਲਤ ਸੀ। ਮੈਨੂੰ ਪਹਿਲਾਂ ਹੀ ਪਤਾ ਸੀ ਕਿ ਮੇਰੇ ਮੁਕੱਦਮੇ ਦਾ ਕੀ ਹਸ਼ਰ ਹੋਏਗਾ, (ਭਾਵੇਂ ਜੱਜ ਨੇ ਫੈਸਲਾ ਸੁਣਵਾਈ ਤੋਂ ਇਕ ਹਫਤਾ ਮਗਰੋਂ ਸੁਣਾਇਆ ਸੀ) ਕਿ ਮੈਂ ਆਪਣੇ ਵਤਨ ਲਈ ਆਪਣੀ ਜਾਨ ਕੁਰਬਾਨ ਕਰ ਦੇਣੀ ਹੈ। ਇਸ ਵਿਚਾਰ ਤੋਂ ਛੁੱਟ ਹੋਰ ਮੇਰਾ ਕਿਹੜਾ ਆਸਰਾ ਸੀ? ਪੁਨਰ-ਜਨਮ ਵਿਚ ਯਕੀਨ ਰੱਖਣ ਵਾਲੇ ਹਿੰਦੂ ਨੂੰ ਤਾਂ ਇਹੀ ਸੋਚ ਕੇ ਆਸਰਾ ਹੁੰਦਾ ਹੋਣਾ ਹੈ ਕਿ ਅਗਲੇ ਜਨਮ ਵਿਚ ਉਹ ਬਾਦਸ਼ਾਹ ਬਣੇਗਾ। ਕੋਈ ਮੁਸਲਮਾਨ ਜਾਂ ਇਸਾਈ ਇਥੋਂ ਦੀ ਆਪਣੀ ਜ਼ਿੰਦਗੀ ਦੇ ਇਮਤਿਹਾਨਾਂ ਤੇ ਆਫਤਾਂ ਦੇ ਸਿੱਟੇ ਵਜੋਂ ਸਵਰਗ ਦੀ ਕਲਪਨਾ ਕਰ ਸਕਦਾ ਹੈ। ਪਰ ਕਿਸੇ ਨਾਸਤਕ ਨੂੰ ਕਾਹਦੀ ਆਸ ਹੋ ਸਕਦੀ ਹੈ?

ਜਦ ਫਾਂਸੀ ਦਾ ਫੰਦਾ ਮੇਰੇ ਗਲ ਵਿਚ ਪਏਗਾ, ਜਿਸ ਬਿੰਦ ਮੇਰੇ ਜਿਸਮ ਦੇ ਭਾਰ ਨਾਲ ਮੇਰਾ ਗਲ ਘੁਟਿਆ ਜਾਏਗਾ, ਜਦੋਂ ਮੇਰੇ ਪੈਰਾਂ ਥੱਲਿਓਂ ਤਖਤੇ ਖੋਲ੍ਹ ਦਿਤੇ ਗਏ — ਓਹੀ ਪਲ ਮੇਰੀ ਜ਼ਿੰਦਗੀ ਦਾ ਆਖਰੀ ਪਲ ਹੋਏਗਾ। ਵੇਦਾਂਤ ਦੀ ਸ਼ਾਨਦਾਰ ਸ਼ਬਦਾਵਲੀ ਵਿਚ ਆਖੀਏ ਤਾਂ ਇਹ ਮੇਰੀ ਆਤਮਾ ਦਾ ਆਖਰੀ ਪਲ ਹੋਏਗਾ। ਇਸ ਪਲ ਮਗਰੋਂ ਫੇਰ ਕੁਝ ਵੀ ਨਹੀਂ। ਜਦੋਂ ਮੇਰੇ ਵਿਚ ਆਪਣੀ ਨਾਸਤਕ ਅੱਖ ਨਾਲ ਇਹ ਦੇਖਣ ਦੀ ਹਿੰਮਤ ਹੈ, ਤਾਂ ਮੇਰੀ ਜ਼ਿੰਦਗੀ ਦਾ ਇਕੋ ਇਕ ਇਨਾਮ ਇਹ ਸੱਚ ਜਾਣ ਲੈਣ ਵਿਚ ਹੈ ਕਿ ਮੇਰੀ ਜ਼ਿੰਦਗੀ ਛੋਟੀ ਜਿਹੀ ਜ਼ਿੰਦਗੀ ਸੀ, ਜੋ ਆਪਣੇ ਸਾਹਮਣੇ ਕਿਸੇ ਮਹਾਨ ਮਨੋਰਥ ਲਈ ਲਗਾਤਾਰ ਜਦੋ ਜਹਿਦ ਕਰਦੀ ਰਹੀ, ਤੇ ਬੱਸ।

ਕਿਸੇ ਖੁਦਗਰਜ਼ੀ ਦੇ, ਬਿਨਾਂ ਇਸ ਜ਼ਿੰਦਗੀ ਵਿਚ ਜਾਂ ਇਹੋ ਜਿਹੀ ਕਿਸੇ ਅਗਲੀ ਜ਼ਿੰਦਗੀ ਵਿਚ ਕਿਸੇ ਇਨਾਮ ਦੀ ਖਾਹਿਸ਼ ਦੇ ਬਿਨਾਂ, ਆਪਣਾ ਸਾਰਾ ਆਪਾ ਭੁਲ ਕੇ ਮੈਂ ਆਜ਼ਾਦੀ ਲਈ ਆਪਣੀ ਜ਼ਿੰਦਗੀ ਲੇਖੇ ਲਾਈ ਹੈ, ਕਿਉਂਕਿ ਮੇਰੇ ਲਈ ਹੋਰ ਕੋਈ ਰਾਹ ਨਹੀਂ। ਇਨਸਾਨੀਅਤ ਦੀ ਖਿਦਮਤ ਤੇ ਗਰੀਬਾਂ ਦੀ ਨਜਾਤ ਲਈ ਕੰਮ ਕਰਨ, ਮਜ਼ਲੂਮਾਂ ਤੇ ਲੁਟੇ-ਪੁਟੇ ਲੋਕਾਂ ਦੇ ਡਰ ਦੂਰ ਕਰਨ ਤੋਂ ਬਿਨਾਂ ਹੋਰ ਕੁਝ ਨਾ ਸੋਚਣ ਵਾਲੇ ਸ਼ੇਰਾਂ ਵਰਗੇ ਮਰਦ-ਔਰਤ ਮੈਦਾਨ ਵਿਚ ਨਿਤਰਨਗੇ, ਤਾਂ ਹੀ ਆਜ਼ਾਦੀ ਦਾ ਯੁਗ ਸ਼ੁਰੂ ਹੋਏਗਾ। ਉਹ ਬਾਦਸ਼ਾਹਾਂ ਦੇ ਬਾਦਸ਼ਾਹ ਬਣਨ ਜਾਂ ਇਸ ਜਨਮ ਵਿਚ ਜਾਂ ਸਵਰਗ ਵਿਚ ਇਨਾਮ ਹਾਸਲ ਕਰਨ ਜਾਂ ਆਪਣੀ ਨਿੱਜੀ ਖੁਸ਼ੀ ਲਈ ਨਹੀਂ ਜੂਝਣਗੇ। ਉਹ ਤਾਂ ਇਨਸਾਨਾਂ ਦੇ ਮੋਢਿਆਂ ਤੋਂ ਗੁਲਾਮੀ ਦਾ ਜੂਲਾ ਲਾਹ ਕੇ ਮਨੁਖਤਾ ਵਿਚ ਅਮਨ ਤੇ ਆਜ਼ਾਦੀ ਕਾਇਮ ਕਰਨ ਲਈ ਜੂਝਦੇ ਹਨ। ਇਹ ਖਤਰਨਾਕ ਰਾਹ ਹੈ। ਜੇ ਅਸੀਂ ਖੁਲ੍ਹੇ ਦਿਲ ਨਾਲ ਇਹਦੇ ਬਾਰੇ ਸੋਚੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਉਹ ਨਿਵੇਕਲੀ ਕਿਸਮ ਦੇ ਮਹਾਨਤਮ ਇਖਲਾਕੀ ਮਾਰਗ ਉਤੇ ਚਲ ਰਹੇ ਹਨ। ਕੀ ਉਹਨਾਂ ਦੀ ਆਦਰਸ਼-ਪ੍ਰਣਾਈ ਤੇ ਮਹਾਨਤਮ ਕੁਰਬਾਨੀ ਵਾਲੀ ਜ਼ਿੰਦਗੀ ਨੂੰ 'ਹੰਕਾਰ' ਕਿਹਾ ਜਾ ਸਕਦਾ ਹੈ? ਉਨ੍ਹਾਂ ਵਿਰੁਧ ਇਹ ਨਜਾਇਜ਼ ਲਫਜ਼ 'ਹੰਕਾਰ' ਵਰਤਣ ਦੀ ਕੌਣ ਹਿਮਾਕਤ ਕਰੇਗਾ? ਜੇ ਕੋਈ ਇੰਝ ਕਰਦਾ ਹੈ, ਤਾਂ ਮੈਂ ਤਾਂ ਇਹੀ ਆਖਾਂਗਾ ਕਿ ਜਾਂ ਤਾਂ ਉਹ ਮੂਰਖ ਹੈ ਜਾਂ ਲਫੰਗਾ। ਪਰ ਅਸੀਂ ਇਹੋ ਜਿਹੇ ਬੰਦੇ ਨੂੰ ਮੁਆਫੀ ਬਖਸ਼ ਦਿਆਂਗੇ, ਕਿਉਂਕਿ ਉਸ ਵਿਚ ਏਨੀ ਕਾਬਲੀਅਤ ਹੀ ਨਹੀਂ ਕਿ ਉਹ ਉਨ੍ਹਾਂ ਦੇ ਦਿਲਾਂ ਦੀ ਡੂੰਘਾਈ, ਉਨ੍ਹਾਂ ਦੀ ਭਾਵਨਾ, ਉਨ੍ਹਾਂ ਦੇ ਉਤਸ਼ਾਹ ਤੇ ਤਰਕ ਨਾਲ ਆਪਣੇ ਜਜ਼ਬਿਆਂ ਨੂੰ ਕਾਬੂ ਵਿਚ ਰਖਣ ਦੀ ਯੋਗਤਾ ਦੀ ਪ੍ਰਸੰਸਾ ਕਰ ਸਕੇ। ਕਿਉਂਕਿ ਉਹਦਾ ਦਿਲ ਤਾਂ ਬੇਜਾਨ ਲੋਥੜਾ ਹੈ। ਉਹਦੀ ਦ੍ਰਿਸ਼ਟੀ ਨੈਤਿਕ-ਪੱਤਨ ਦਾ ਸ਼ਿਕਾਰ ਹੈ। ਉਹਦਾ ਦਿਲ ਤੇ ਉਹਦੀ ਨਜ਼ਰ ਹੋਰ ਗੱਲਾਂ ਦੀ ਵੀ ਸ਼ਿਕਾਰ ਹੈ। ਸਵੈ-ਵਿਸ਼ਵਾਸ ਨੂੰ ਹਮੇਸ਼ਾਂ ਹਉਮੈ ਦਾ ਨਾ ਦਿਤਾ ਗਿਆ ਹੈ, ਪਰ ਅਸੀਂ ਇਸ ਹਾਲਤ ਉਤੇ ਤਾਂ ਸਿਰਫ ਤਰਸ ਹੀ ਕਰ ਸਕਦੇ ਹਾਂ।

ਪਰਚਲਤ ਪਰੰਪਰਾ, ਵਿਸ਼ਵਾਸ ਜਾਂ ਧਰਮ ਦਾ ਵਿਰੋਧ ਕਰਨ ਜਾਂ ਕਿਸੇ ਮਹਾਤਮਾ, ਅਵਤਾਰ, ਪੈਗੰਬਰ ਤੋਂ ਨਿਹਕਲੰਕ ਸਮਝੇ ਜਾਂਦੇ ਸ਼ਖਸ ਵਿਰੁਧ ਕੁਝ ਆਖਣ ਦੀ ਕੋਸ਼ਿਸ਼ ਕਰਕੇ ਦੇਖੋ। ਲੱਖ ਦਲੀਲਾਂ ਵਰਤ ਲਓ, ਪਰ ਤੁਹਾਨੂੰ ਘੁਮੰਡੀ, ਕਲੰਕੀ ਗਰਦਾਨਿਆਂ ਜਾਏਗਾ ਤੇ ਤੁਹਾਡਾ ਮਜ਼ਾਕ ਉਡਾਇਆ ਜਾਏਗਾ। ਇਹਦਾ ਕਾਰਣ ਇਹ ਹੈ ਕਿ ਲੋਕ ਆਪ ਤਾਂ ਸੋਚ ਹੀ ਨਹੀਂ ਸਕਦੇ, ਆਪਣੇ ਸਿਰ ਉਚੇ ਨਹੀਂ ਕਰ ਸਕਦੇ, ਸਗੋਂ ਮਾਨਸਿਕ ਤੌਰ ਉਤੇ ਅਪਾਹਜ ਰਹਿਣਗੇ। ਸੁਤੰਤਰ ਤੌਰ ਉਤੇ ਸੋਚ ਸਕਣਾ ਤੇ ਵਿਸ਼ਲੇਸ਼ਣਾਤਮਕ ਤਰਕਸ਼ੀਲਤਾ—ਇਹ ਕਿਸੇ ਇਨਕਲਾਬੀ ਦੇ ਬਹੁਤ ਅਹਿਮ ਗੁਣ ਹਨ।

"ਮਹਾਤਮਾ ਜੀ ਮਹਾਨ ਪੁਰਖ ਹਨ। ਇਸ ਲਈ ਸਾਨੂੰ ਉਨ੍ਹਾਂ ਦੀ ਨੁਕਤਾਚੀਨੀ ਕਰਨੀ ਹੀ ਨਹੀਂ ਚਾਹੀਦੀ। ਉਹ ਏਨੇ ਮਹਾਨ ਹਨ ਕਿ ਉਹ ਜੋ ਕੁਝ ਵੀ ਆਖਦੇ ਹਨ — ਭਾਵੇਂ ਇਹ ਰਾਜਨੀਤੀ ਹੈ, ਧਰਮ ਹੈ ਜਾਂ ਆਰਥਕਤਾ ਹੈ ਜਾਂ ਨਿਆਂ ਹੈ — ਠੀਕ ਆਖਦੇ ਹਨ, ਤੁਸੀਂ ਇਹਨੂੰ ਸਹੀ ਮੰਨੋ ਜਾਂ ਗਲਤ ਮੰਨੋ, ਪਰ ਤੁਸੀਂ 'ਹਾਂ' ਜ਼ਰੂਰ ਆਖੋ, ਉਹ ਜੋ ਵੀ ਆਖਦੇ ਹਨ, ਬਹੁਤ ਸੱਚ ਹੁੰਦਾ ਹੈ।" ਇਹੋ ਜਿਹਾ ਰੁਝਾਣ ਸਾਨੂੰ ਪ੍ਰਗਤੀ ਦੇ ਰਾਹ ਉਤੇ ਇਕ ਇੰਚ ਵੀ ਅਗਾਂਹ ਨਹੀਂ ਖੜੇਗਾ। ਇਹ ਸ਼ਰਮਨਾਕ ਤੌਰ ਉਤੇ ਪਤਨਸ਼ੀਲ ਵਿਚਾਰ ਹੈ।

ਜੇ ਸਾਡੇ ਵਿਚੋਂ ਕੋਈ ਈਮਾਨ ਉਤੇ ਉਂਗਲ ਰੱਖਦਾ ਹੈ ਜਾਂ ਸਰਬ-ਸ਼ਕਤੀਮਾਨ ਦੀ ਹੋਂਦ ਤੋਂ ਮੁਨਕਰ ਹੋਣ ਦੀ ਹਿੰਮਤ ਕਰਦਾ ਹੈ, ਤਾਂ ਲੋਕ ਉਹਨੂੰ ਪਤਿਤ ਜਾਂ ਕਾਫਰ ਆਖਦੇ ਹਨ, ਸਿਰਫ ਇਸੇ ਲਈ ਕਿ ਸਾਡੇ ਵਡੇ ਵਡੇਰਿਆਂ ਦਾ ਪਰਮਾਤਮਾ ਵਿਚ ਵਿਸ਼ਵਾਸ਼ ਹੁੰਦਾ ਸੀ। ਜੇ ਉਹਦੀਆਂ ਦਲੀਲਾਂ ਵਧੇਰੇ ਵਜ਼ਨੀ ਹੋਣ, ਜੇ ਉਹਦੇ ਸੰਕਲਪ ਦੁਖ ਤਕਲੀਫਾਂ ਵਿਚ ਜਾਂ ਰੱਬ ਦੀ ਕਰੋਪੀ ਅੱਗੇ ਦ੍ਰਿੜ ਰਹਿਣ ਤਾਂ ਲੋਕ ਉਹਨੂੰ ਹੰਕਾਰੀ, ਘੁਮੰਡੀ ਆਖ ਕੇ ਗਾਲ੍ਹਾਂ ਕੱਢਦੇ ਹਨ। ਫੇਰ ਇਹ ਆਸਤਕ ਉਸ ਨਾਲ ਬਹਿਸ ਕਰਕੇ ਆਪਣਾ ਸਮਾਂ ਜ਼ਾਇਆ ਹੀ ਕਿਉਂ ਕਰਦੇ ਹਨ? ਪਹਿਲੀ ਵਾਰ ਲੋਕਾਂ ਵਿਚ ਇਹੋ ਜਿਹੇ ਸ਼ੰਕੇ ਪੈਦਾ ਹੋਏ ਹਨ। ਪਹਿਲੀ ਵਾਰ ਇਹ ਗੱਲਾਂ ਲੋਕਾਂ ਨੇ ਅਮਲ ਵਿਚ ਲਿਆਂਦੀਆਂ ਹਨ। ਇਸ ਲਈ ਸਾਨੂੰ ਇਸ ਵਿਸ਼ੇ ਬਾਰੇ ਵਿਸਥਾਰ ਨਾਲ ਸੋਚਣਾ ਪਏਗਾ।

ਮੇਰਾ ਅਭਿਮਾਨ ਵਾਲਾ ਸੁਭਾ ਮੈਨੂੰ ਨਾਸਤਕ ਬਣਾਉਣ ਦਾ ਕਾਰਨ ਨਹੀਂ ਹੋ ਸਕਦਾ। ਨਿਸਚੇ ਹੀ ਇਸਦਾ ਫੈਸਲਾ ਮੈਂ ਨਹੀਂ ਸਗੋਂ ਮੇਰੇ ਪਾਠਕਾਂ ਨੇ ਕਰਨਾ ਹੈ। ਮੇਰੇ ਵਰਗੀ ਹਾਲਤ ਵਿਚ ਰੱਬ ਵਿਚ ਵਿਸ਼ਵਾਸ ਕਿਸੇ ਸ਼ਖਸ ਨੂੰ ਧਰਵਾਸ ਤੇ ਰਾਹਤ ਹੀ ਦੇ ਸਕਦਾ ਹੈ। ਨਾਸਤਕਤਾ ਤਾਂ ਉਹਦੀ ਹਾਲਤ ਵਧੇਰੇ ਨਾ-ਜਰਨ ਯੋਗ, ਖਰਾਬ, ਤਲਖ ਤੇ ਬਿਪਤਾ-ਮਈ ਬਣਾ ਦੇਵੇਗੀ। ਜੇ ਮੈਂ ਰੱਬ ਨੂੰ ਮੰਨਣ ਵਾਲਾ ਹੁੰਦਾ, ਤਾਂ ਮੇਰੀ ਜ਼ਿੰਦਗੀ ਮਹਾਨ ਨਾਇਕ ਦੀ ਜ਼ਿੰਦਗੀ ਵਰਗੀ ਵਧੇਰੇ ਰੋਮਾਂਟਿਕ ਹੋਣੀ ਸੀ, ਭਾਵੇਂ ਇਸ ਵਿਚ ਤੁਅੱਸਬ ਦਾ ਕੁਝ ਅੰਸ਼ ਹੋਣਾ ਸੀ। ਪਰ ਆਪਣੇ ਅੰਤ ਦੀ ਪੀੜ ਨੂੰ ਮਾਰਨ ਲਈ ਮੈਂ ਕਿਸੇ ਕਿਸਮ ਦੀ ਅਫੀਮ ਨਾ ਲੈਣ ਦਾ ਪੱਕਾ ਇਰਾਦਾ ਕੀਤਾ ਹੋਇਆ ਸੀ। ਮੈਂ ਯਥਾਰਥਵਾਦੀ ਸਾਂ। ਮੈਂ ਆਪਣੀ ਤਰਕਸ਼ੀਲਤਾ ਦੀ ਮਦਦ ਨਾਲ ਆਪਣੇ ਜਜ਼ਬਿਆਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਇਸ ਕੋਸ਼ਿਸ਼ ਵਿਚ ਮੈਂ ਹਮੇਸ਼ਾਂ ਕਾਮਯਾਬ ਨਹੀਂ ਹੁੰਦਾ ਰਿਹਾ, ਪਰ ਸਦਾ ਕੋਸ਼ਿਸ਼ ਕਰਦੇ ਰਹਿਣਾ ਮਨੁੱਖ ਦਾ ਫਰਜ਼ ਹੈ। ਕਾਮਯਾਬੀ ਜਾਂ ਨਾ-ਕਾਮਯਾਬੀ ਹਾਲਤ ਜਾਂ ਮੌਕਿਆਂ ਉਤੇ ਨਿਰਭਰ ਹੁੰਦੀ ਹੈ।

(ਅਨੁਵਾਦਕ : ਅਮਰਜੀਤ ਚੰਦਨ)

(ਪੰਨਾ 5 ਦੀ ਬਾਕੀ)

ਟਰਾਂਸਮੀਟਰ ਲਾਕੇ ਲਾਗੂ ਕਰ ਦਿਤਾ ਜਾਵੇਗਾ।

ਇਹ ਵੀ ਪਤਾ ਲਗਾ ਹੈ ਕਿ ਇਹਨਾਂ ਦਿਨਾਂ ਵਿਚ ਪ੍ਰਧਾਨ ਮੰਤਰੀ ਦੇਸ਼ ਵਿਚ ਰਾਜ ਕਰਨ ਲਈ ਪ੍ਰਧਾਨਗੀ ਢਾਂਚੇ ਦੇ ਵਿਸ਼ੇ ਤੇ ਵੀ ਵਿਚਾਰ ਕਰ ਰਹੇ ਹਨ ਤਾਂਕਿ ਇਸਦੇ ਚੰਗੇ ਮਾੜੇ ਸਿਟਿਆਂ ਦਾ ਪੂਰਨ ਅਨੁਮਾਨ ਲਗਾਇਆ ਜਾ ਸਕੇ। ਇਸੇ ਲਈ ਪ੍ਰਧਾਨ ਮੰਤਰੀ ਚਾਹੁੰਦੇ ਹਨ ਕਿ ਜੇਕਰ ਰਾਜ ਦੀ ਵਾਗਡੋਰ ਕਿਸੇ ਖੇਤਰੀ ਪਾਰਟੀ ਨੂੰ ਦੇਕੇ ਉਨ੍ਹਾਂ ਨੂੰ ਪਾਰਲੀਮੈਂਟ ਦੀ ਦੋਨਾਂ ਸਦਨਾਂ ਵਿਚ ਬਹੁ-ਗਿਣਤੀ ਹੋਰ ਮਜ਼ਬੂਤ ਹੁੰਦੀ ਹੈ ਤਾਂ ਉਹਨਾਂ ਨੂੰ ਅਜਿਹੇ ਸਿਆਸੀ ਸੌਦੇ ਲਾਹੇਵੰਦ ਹਨ। ਅਕਾਲੀਆਂ ਨਾਲ ਸੰਧੀ ਹੋਣ ਤੇ ਉਹਨਾਂ ਨੂੰ ਲੋਕ ਸਭਾ ਦੀਆਂ 13 ਅਤੇ ਰਾਜ ਸਭਾ ਦੀਆਂ 4 ਸੀਟਾਂ ਪ੍ਰਾਪਤ ਹੁੰਦੀਆਂ ਹਨ

ਪਤਾ ਲੱਗਾ ਹੈ ਕਿ ਅਜਿਹੇ ਸਮਝੌਤੇ ਲਈ ਜਿਥੇ ਕੇਂਦਰ ਦਾ ਇਕ ਸਿੱਖ ਮੰਤਰੀ ਸਰਗਰਮ ਹੈ ਉਸ ਦੇ ਨਾਲ ਹੀ ਅਕਾਲੀ ਦਲ ਦੇ ਕਈ ਸੀਨੀਅਰ ਅਕਾਲੀ ਵਿਧਾਇਕ ਜਿਨ੍ਹਾਂ ਦੀ ਗਿਣਤੀ ਇਕ ਦਰਜਨ ਦੇ ਲਗਭਗ ਹੈ ਕੇਂਦਰ ਨਾਲ ਬਾਇਜ਼ਤ ਸਮਝੌਤਾ ਕਰਨ ਦੇ ਸਿਰਤੋੜ ਯਤਨਾਂ ਵਿਚ ਹਨ ਤੇ ਅਜਿਹਾ ਨਾ ਹੋਣ ਤੇ ਉਹ ਅਕਾਲੀ ਹਾਈ ਕਮਾਂਡ ਤੋਂ ਬਾਗੀ ਹੋਕੇ ਅਜਿਹਾ ਐਕਸ਼ਨ ਲੈਣ ਲਈ ਤਿਆਰ ਹਨ।

ਇਹ ਵੀ ਪਤਾ ਲਗਾ ਹੈ ਕਿ ਪ੍ਰਧਾਨ ਮੰਤਰੀ ਅਪਰੈਲ ਮਹੀਨੇ ਦੇ ਅੰਤ ਵਿਚ ਪਾਰਲੀਮੈਂਟ ਅਤੇ ਮਈ ਜਾਂ ਜੂਨ ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਕਰਾਉਣ ਦਾ ਅਚਾਨਕ ਐਲਾਨ ਕਰ ਸਕਦੇ ਹਨ.

ਜਾਪਾਨ ਸਾੜ੍ਹੀ ਹਾਊਸ
ਕੈਲਗਰੀ ਵਿਚ

ਵਧੀਆ ਕਪੜਾ—ਵਾਜਬ ਭਾਅ
ਪੰਜਾਬੀ ਸੂਟਾਂ, ਸਾੜ੍ਹੀਆਂ ਤੇ ਹੋਰ ਫੈਬਰਿਕਸ
ਲਈ ਜਾਪਾਨ ਸਾੜ੍ਹੀ ਹਾਊਸ ਪਹੁੰਚੋ
ਪੰਜਾਬੀ ਸੂਟ ਦੁਪੱਟੇ ਸਮੇਤ
ਵਧੀਆ ਚੋਣ ਲਈ ਇਕੋ ਇਕ ਦੁਕਾਨ
ਹਫਤੇ ਦੇ ਸੱਤੇ ਦਿਨ ਖੁਲ੍ਹੀ ਰਹਿੰਦੀ ਹੈ
2, 4602 - 17th Ave. S.E. Calgary, ALTA
Ph.(403)273-6905

ਕਿਸੇ ਹੋਰ ਥਾਂ ਮੂਵ ਹੋ ਰਹੇ ਹੋ!
ਕ੍ਰਿਪਾ ਕਰਕੇ ਸਾਨੂੰ ਜਰੂਰ ਦੱਸੋ।

ਚਿਟ ਨੰਬਰ------------------------
ਪੁਰਾਣਾ ਪਤਾ------------------------
------------------------
------------------------
------------------------
ਨਵਾਂ ਪਤਾ ਸਟਰੀਟ/ਐਵੇਨਿਊ------------------------
ਟਾਊਨ------------------------
ਸਟੇਟ------------------------
ਪੋਸਟਲ ਕੋਡ------------------------
ਫੋਨ ਨੰਬਰ------------------------

## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

Phone (604)321-6360

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..........................................
Address.......................................
City..........................................
Province......................................
Postal code...................................
PHONE.

| | |
|---|---|
| One Year | 20 dollars |
| Two Year | 35 dollars |
| Three year | 50 dollars |
| Life membership | 200 dollars |
| ASIA | 80 dollars(a year) |
| U.S.A. | 25 dollars(a year) |
| Europe | 80 dollars(a year) |
| Africa | 80 dollars(a year) |

DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO
CONTACT:

PAUL'S
PLUMBING & ELECTRICAL SUPPLY



4774 Main Street, (At 32nd.)
Vancouver, B.C.
PH: 872-3118 (Supply)
872-7227 (Service)
"Free customer parking at rear" OPEN SUNDAYS

# EHSAN GROCERY

# ਏਹਸਾਨ ਗਰੌਸਰੀ

## 10737 King George Highway, Surrey, B.C.

## Ph. 585-6757

| | | |
|---|---|---|
| Vegetable Oil<br>ਵੈਜੀਟੇਬਲ ਤੇਲ<br>3 lit. 3.99 | Chana Flour<br>ਬੇਸਣ<br>2.99 2 kg. | Pea Flour<br>ਮਟਰਾਂ ਦਾ ਆਟਾ<br>2 kg. 1.99 |
| Moongi Dal<br>ਮੂੰਗੀ ਦੀ ਦਾਲ<br>4lbs. 2.99 | Manh Whole<br>ਮਾਂਹ ਸਾਬਤ<br>4 lbs. 2.99 | Massur Dal<br>ਮਸਰਾਂ ਦੀ ਦਾਲ<br>4 lbs. 1.99 |
| Massur Whole<br>ਮਸਰ ਸਾਬਤ<br>4 lbs. 1.99 | Moongi Whole<br>ਮੂੰਗੀ ਸਾਬਤ<br>4 lbs. 1.99 | Milk<br>ਦੁੱਧ<br>4 lit. 3.45 |
| Butter<br>ਬਟਰ<br>2.17<br>ਪੰਜ ਟਿੱਕੀਆਂ ਇਕ ਕਸਟੂਮਰ ਨੂੰ | Nabob Tea<br>ਨਵਾਬ ਚਾਹ<br>3.69 | Chick Peas<br>ਕਾਬਲੀ ਛੋਲੇ<br>4 lbs. 2.79 |
| Chana Dal<br>ਛੋਲਿਆਂ ਦੀ ਦਾਲ<br>4 lbs. 2.79 | Black Channa<br>ਕਾਲੇ ਛੋਲੇ<br>2.99 | ਸਰੀ ਵਿਚ ਗਰੌਸਰੀ ਦਾ ਭਰੋਸੇ<br>ਯੋਗ ਸਟੋਰ |

## Atta and Sugar On Very Special Rates

## ਆਟਾ ਅਤੇ ਸ਼ੂਗਰ ਸਪੈਸ਼ਲ
## ਕੀਮਤਾਂ ਤੇ

**ਸਾਡੇ ਕੋਲੋਂ ਤੁਸੀਂ ਸਾਫ ਸੁਥਰੀ ਗਰੌਸਰੀ, ਤਾਜ਼ੀਆਂ ਸਬਜ਼ੀਆਂ ਤੇ ਹੋਰ ਹਰ ਤਰ੍ਹਾਂ ਦੀ ਗਰੌਸਰੀ ਖਰੀਦ ਸਕਦੇ ਹੋ ।**